# ਅਧਿਆਇ 3

# ਹਾਮਾਨ ਦੇ ਕਾਰਨ ਯਹੂਦੀਆਂ ਦੇ ਖ਼ਾਤਮੇ ਦਾ ਖ਼ਤਰਾ

ਅਧਿਆਇ 3 ਵਿਚ ''ਵਿਰਤਾਂਤ ਦਾ ਬਾਕੀ ਦੀ ਕਿਤਾਬ ਦਾ ਕਥਾਨਕ ਅਕਾਰ ਲੈਣ ਲਗਦਾ ਹੈ। ਬਾਦਸ਼ਾਹ ਨੇ ਹਾਮਾਨ ਦੀ ਪਦਵੀ ਉੱਚੀ ਕਰ ਦਿੱਤੀ। ਜਦ ਹਾਮਾਨ ਨੂੰ ਪਤਾ ਲੱਗਾ ਕਿ ਮਾਰਦਕਈ ਉਹਦਾ ਸਨਮਾਨ ਨਹੀਂ ਕਰ ਰਿਹਾ ਹੈ ਅਤੇ ਇਹ ਕਿ ਮਾਰਦਕਈ ਇਕ ਯਹੂਦੀ ਹੈ, ਤਾਂ ਉਹ ਨੇ ਸਾਰੇ ਯਹੂਦੀਆਂ ਨੂੰ ਬਰਬਾਦ ਕਰਨ ਦਾ ਫ਼ੈਸਲਾ ਕਰ ਲਿਆ। ਬਾਦਸ਼ਾਹ ਦੇ ਬਾਹਰਵੇਂ ਸਾਲ ਦੇ ਪਹਿਲੇ ਮਹੀਨੇ ''ਗੁਣੇ'' (*pur, ਪੁਰ*) ਪਾ ਕੇ ਕਤਲੇਆਮ ਲਈ ਤਰੀਕ ਦਾ ਫ਼ੈਸਲਾ ਕਰਨ ਤੋਂ ਬਾਅਦ, ਹਾਮਾਨ ਨੇ ਬਾਦਸ਼ਾਹ ਅਹਸ਼ਵੇਰੋਸ਼ ਤੋਂ ਹੁਕਮ ਜਾਰੀ ਕਰਨ ਦੀ ਇਜਾਜ਼ਤ ਲੈ ਲਈ ਕਿ ਸਭ ਯਹੂਦੀਆਂ ਨੂੰ ਉਸ ਸਾਲ ਦੇ ''ਬਾਰ੍ਹਵੇਂ ਮਹੀਨੇ ਦੀ ਤੇਰ੍ਹਵੀਂ ਤਰੀਕ'' ਨੂੰ ਮਾਰ ਦਿੱਤਾ ਜਾਵੇ। ਬਾਕੀ ਦੀ ਕਿਤਾਬ ਤੋਂ ਪਤਾ ਲਗਦਾ ਹੈ ਕਿ ਉਸ ਤਬਾਹੀ ਤੋਂ ਯਹੂਦੀ ਲੋਕ ਕਿਵੇਂ ਬਚ ਗਏ।

## ਹਾਮਾਨ ਦੀ ਤਰੱਕੀ (3:1)

[1]**ਇਨ੍ਹਾਂ ਗੱਲਾਂ ਦੇ ਮਗਰੋਂ ਅਹਸ਼ਵੇਰੋਸ਼ ਪਾਤਸ਼ਾਹ ਨੇ ਅਗਾਗੀ ਹਮਦਾਥਾ ਦੇ ਪੁੱਤਰ ਹਾਮਾਨ ਦੀ ਪਦਵੀ ਉੱਚੀ ਕਰ ਦਿੱਤੀ ਅਤੇ ਉਹ ਦੀ ਗੱਦੀ ਉਸ ਦੇ ਨਾਲ ਦੇ ਸਾਰਿਆਂ ਸਰਦਾਰਾਂ ਤੋਂ ਉੱਚੀ ਕਰ ਦਿੱਤੀ।**

ਵਿਰਤਾਂਤ ਨੂੰ ਅੱਗੇ ਦੱਸਣ ਤੋਂ ਪਹਿਲਾਂ, ਲੇਖਕ ਨੇ ਵਿਖਾਇਆ ਕਿ ਹਾਮਾਨ ਕਿਵੇਂ ਬਾਦਸ਼ਾਹ ਦਾ ਪ੍ਰਧਾਨ ਮੰਤਰੀ ਬਣਿਆ।

**ਆਇਤ 1.** ''ਇਨ੍ਹਾਂ ਗੱਲਾਂ ਦੇ ਮਗਰੋਂ'' (2:1) ਵਾਂਗ, **ਇਨ੍ਹਾਂ ਗੱਲਾਂ ਦੇ ਮਗਰੋਂ,** ਸਮੇਂ ਦੇ ਅਨਿਸ਼ਚਿਤ ਕਾਲ ਦਾ ਸੰਕੇਤ ਦਿੰਦਾ ਹੈ। ਇਸ ਅਧਿਆਇ ਨਾਲ ਸਬੰਧਿਤ ਅਤੇ ਅਗਲੀਆਂ ਘਟਨਾਵਾਂ ਅਧਿਆਇ 2 ਵਿਚਲੀਆਂ ਘਟਨਾਵਾਂ ਤੋਂ ਕਈ ਸਾਲਾਂ ਬਾਅਦ ਵਾਪਰੀਆਂ ਹੋਣਗੀਆਂ। ਅਸਤਰ 479 ਈ.ਪੂ. ਦੇ ਨੇੜੇ ਤੇੜੇ ਅਹਸ਼ਵੇਰੋਸ਼ ਦੇ ਸਤਵੇਂ ਵਰ੍ਹੇ ਵਿਚ ਮਲਕਾ ਬਣੀ (2:16, 17), ਅਤੇ ਯਹੂਦੀਆਂ ਦੇ ਕਤਲੇਆਮ ਦੇ ਇਖ਼ਤਿਆਰ ਵਾਲਾ ਹੁਕਮਨਾਮਾ 474 ਈ.ਪੂ. ਵਿਚ ਪੰਜ ਕੁ ਸਾਲਾਂ ਬਾਅਦ, ਬਾਦਸ਼ਾਹ ਦੇ ਬਾਰ੍ਹਵੇਂ ਵਰ੍ਹੇ ਵਿਚ ਜਾਰੀ ਕੀਤਾ ਗਿਆ (3:7)।

ਇਸ ਸੰਦਰਭ ਵਿਚਲੀ ਕਹਾਣੀ ਦਾ ਅਰੰਭ ਤੁਲਨਾਤਮਕ ਤੌਰ ਤੇ ਮਾਮੂਲੀ ਲੱਗਣ ਵਾਲੀ ਘਟਨਾ ਜਿਸ ਵਿਚ ਬਾਦਸ਼ਾਹ ਦੇ ਇਕ ਸੇਵਕ **ਹਾਮਾਨ** ਦਾ ਅਹੁਦਾ ਉੱਚਾ ਕਰਕੇ ਉਸ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ ਗਿਆ, ਦੇ ਨਾਲ ਸ਼ੁਰੂ ਹੋਇਆ। ਇਸ ਤਰੱਕੀ ਨਾਲ **ਉਹ ਦੀ ਗੱਦੀ ਉਸ ਦੇ ਨਾਲ ਦੇ** *[ਹੋਰ]* **ਸਾਰਿਆਂ ਸਰਦਾਰਾਂ ਤੋਂ ਉੱਚੀ ਕਰ ਦਿੱਤੀ।**

ਹਾਮਾਨ ਦੀ ਪਛਾਣ **ਅਗਾਗੀ ਹਮਦਾਥਾ ਦੇ ਪੁੱਤਰ** ਦੇ ਰੂਪ ਵਿਚ ਕਰਵਾਈ ਗਈ ਹੈ, ਜਿਹੜਾ ਇਕ ਤਰ੍ਹਾਂ ਨਾਲ ਅਗਿਆਤ ਹੀ ਹੈ। ਇਹ ਪਛਾਣ ਇਹ ਵਿਸ਼ਵਾਸ ਦੁਆਉਂਦੀ ਹੈ ਕਿ ਹਾਮਾਨ ਅਮਾਲੇਕੀ

ਬਾਦਸ਼ਾਹ ਅਗਾਗ ਦੀ ਸੰਤਾਨ ਵਿੱਚੋਂ ਸੀ ਜਿਸ ਨੂੰ ਸ਼ਾਊਲ ਨੇ ਮਾਰਿਆ ਨਹੀਂ ਸੀ, ਜਦ ਖ਼ੁਦਾ ਨੇ ਉਸ ਨੂੰ ਸਭ ਅਮਾਲੇਲੀਆਂ ਨੂੰ ਖ਼ਤਮ ਕਰਨ ਦਾ ਹੁਕਮ ਦਿੱਤਾ ਸੀ (1 ਸਮੂਏਲ 15:1–35)।[1] ਜੇ ਹਾਮਾਨ ਉਸ ਬਾਦਸ਼ਾਹ ਅਗਾਗ ਦੀ ਸੰਤਾਨ ਸੀ ਜਿਸਨੇ ਇਕ ਅਰਥ ਵਿਚ ਸ਼ਾਊਲ ਤੋਂ ਉਸਦਾ ਰਾਜ ਖੋਹ ਲਿਆ ਸੀ, ਤਾਂ ਉਸ ਅਤੇ ਮਾਰਦਕਈ ਦੇ ਵਿਚਕਾਰ ਝਗੜੇ ਦਾ ਕਾਰਣ ਇਹੀ ਇਤਹਾਸਕ ਘਟਨਾ ਰਹੀ ਹੋ ਸਕਦੀ ਹੈ। ਇਹ ਖ਼ਾਸ ਤੌਰ ਤੇ ਇਸ ਕਰਕੇ ਸੰਭਵ ਲਗਦਾ ਹੈ ਕਿ ਮਾਰਦਕਈ ਦਾ ਸਬੰਧ ਸ਼ਾਊਲ ਨਾਲ ਸੀ (2:5; 1 ਸਮੂਏਲ 9:1, 2)।[2]

ਇਕ ਹੋਰ ਵਿਚਾਰ ਇਹ ਹੈ ਕਿ ''ਅਗਾਗੀ'' ਸ਼ਬਦ ਦੀ ਵਰਤੋਂ ਇਹ ਕਹਿਣ ਲਈ ਨਹੀਂ ਕੀਤੀ ਗਈ ਕਿ ਹਾਮਾਨ ਅਗਾਗ ਦੀ ਸੰਤਾਨ ਵਿੱਚੋਂ ਸੀ, ਬਲਕਿ ਪਾਠਕਾਂ ਨੂੰ ਉਸ ਦੁਸ਼ਮਣੀ ਨੂੰ ਯਾਦ ਕਰਾਉਣ ਲਈ ਕੀਤੀ ਗਈ ਹੈ ਜਿਹੜੀ ਅਮਾਲੇਕੀਆਂ ਅਤੇ ਯਹੂਦੀਆਂ ਵਿਚਕਾਰ ਹਮੇਸ਼ਾ ਰਹਿੰਦੀ ਸੀ। ਕਰੇਨ ਐੱਚ. ਜੋਬਸ ਨੇ ਇਹ ਵਿਚਾਰ ਜਤਾਇਆ ਹੈ: ''ਹਾਮਾਨ ਨੂੰ ਅਗਾਗੀ ਨਾਂਅ ਹਾਸਲ ਕਰਨ ਲਈ ਅਮਾਲੇਕੀਆਂ ਦੀ ਨਸਲ ਵਿੱਚੋਂ ਹੋਣਾ ਜ਼ਰੂਰੀ ਨਹੀਂ ਹੈ। ਇਹ ਸ਼ਬਦ ਵਰਤ ਕੇ ਲੇਖਕ ਉਸ ਨੂੰ ਸਾਮੀ–ਵਿਰੋਧੀ ਭਾਵ ਯਹੂਦੀਆਂ ਦਾ ਇਕ ਦੁਸ਼ਮਣ ਕਰਾਰ ਦੇ ਰਿਹਾ ਹੈ।'' ਫਿਰ ਉਸ ਨੇ ਅੱਗੇ ਆਖਿਆ, ''ਮੁੱਢਲੇ ਪਾਠਕਾਂ ਨੇ ਇਸ ਇਕ ਸੰਕੇਤ ਨੂੰ ਇਸਰਾਏਲ ਅਤੇ ਉਸ ਨੂੰ ਖ਼ਤਮ ਕਰਨ ਦੀ ਚਾਹ ਰੱਖਣ ਵਾਲੀਆਂ ਸ਼ਕਤੀਆਂ ਵਿਚਕਾਰ ਪੁਰਾਣੇ ਝਗੜੇ ਦੀ ਇਕ ਹੋਰ ਘਟਨਾ ਦੀ ਜਾਣ–ਪਛਾਣ ਦੇ ਰੂਪ ਵਿਚ ਸਮਝਿਆ ਹੋਵੇਗਾ।''[3]

ਹੋਰਨਾਂ ਨੇ ਇਹ ਵਿਚਾਰ ਦਿੱਤਾ ਹੈ ਕਿ ''ਅਗਾਗੀ'' ਸ਼ਬਦ ਦਾ ਇਤਹਾਸਕ ਅਗਾਗ ਨਾਲ ਕੋਈ ਸਬੰਧ ਨਹੀਂ ਹੈ, ਬਲਕਿ ਇਹ ਫ਼ਾਰਸ ਦੇ ਸ਼ਹਿਰ ਜਾਂ ਜ਼ਿਲ੍ਹੇ ਨੂੰ ਕਿਹਾ ਗਿਆ ਹੈ।[4] ਸਹੀ ਸਹੀ ਹਾਲਾਤ ਭਾਵੇਂ ਜੋ ਵੀ ਹੋਣ, ਪਰ ਹਾਮਾਨ ਖ਼ੁਦਾ ਦੇ ਲੋਕਾਂ ਦਾ ਦੁਸ਼ਮਣ ਸੀ, ਉਵੇਂ ਹੀ ਜਿਵੇਂ ਕਿਸੇ ਸਮੇਂ ਅਗਾਗ ਹੁੰਦਾ ਸੀ।

## ਮਾਰਦਕਈ ਦਾ ਹਾਮਾਨ ਨੂੰ ਆਦਰ ਦੇਣ ਤੋਂ ਇਨਕਾਰ (3:2-6)

**2ਪਾਤਸ਼ਾਹ ਦੇ ਸਾਰੇ ਟਹਿਲੂਏ ਜਿਹੜੇ ਪਾਤਸ਼ਾਹ ਦੇ ਫਾਟਕ ਉੱਤੇ ਸਨ ਹਾਮਾਨ ਅੱਗੇ ਗੋਡੇ ਨਿਵਾਉਂਦੇ ਅਤੇ ਉਹ ਨੂੰ ਮੱਥਾ ਟੇਕਦੇ ਸਨ ਕਿਉਂਕਿ ਪਾਤਸ਼ਾਹ ਦਾ ਹੁਕਮ ਉਹ ਦੇ ਲਈ ਇਉਂ ਹੀ ਸੀ ਪਰ ਮਾਰਦਕਈ ਨਾ ਹੀ ਗੋਡੇ ਨਿਵਾਉਂਦਾ ਨਾ ਮੱਥਾ ਟੇਕਦਾ ਸੀ 3ਤਾਂ ਪਾਤਸ਼ਾਹ ਦੇ ਟਹਿਲੂਆਂ ਨੇ ਜਿਹੜੇ ਪਾਤਸ਼ਾਹ ਦੇ ਫਾਟਕ ਉੱਤੇ ਸਨ ਮਾਰਦਕਈ ਨੂੰ ਆਖਿਆ, ਤੂੰ ਕਿਉਂ ਪਾਤਸ਼ਾਹ ਦੇ ਹੁਕਮ ਦੀ ਉਲੰਘਣਾ ਕਰਦਾ ਹੈਂ? 4ਤਾਂ ਐਉਂ ਹੋਇਆ ਕਿ ਜਦ ਉਹ ਨਿਤ ਨਿਤ ਆਖਦੇ ਰਹੇ ਅਤੇ ਉਸ ਨੇ ਉਨ੍ਹਾਂ ਦੀ ਨਾ ਸੁਣੀ ਤਾਂ ਉਨ੍ਹਾਂ ਨੇ ਹਾਮਾਨ ਨੂੰ ਦੱਸਿਆ ਵੇਖੀਏ ਕਿ ਮਾਰਦਕਈ ਦੀ ਇਹ ਗੱਲ ਚਲੂਗੀ ਵੀ ਕਿਉਂਕਿ ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਯਹੂਦੀ ਸੀ 5ਜਦ ਹਾਮਾਨ ਨੇ ਵੇਖਿਆ ਕਿ ਮਾਰਦਕਈ ਨਾ ਗੋਡੇ ਨਿਵਾਉਂਦਾ ਹੈ ਅਤੇ ਨਾ ਹੀ ਮੈਨੂੰ ਮੱਥਾ ਟੇਕਦਾ ਹੈ ਤਾਂ ਹਾਮਾਨ ਕਹਿਰ ਨਾਲ ਭਰ ਗਿਆ 6ਪਰ ਮਾਰਦਕਈ ਇਕੱਲੇ ਉੱਤੇ ਹੱਥ ਪਾਉਣਾ ਉਹ ਦੀ ਨਿਗਾਹ ਵਿਚ ਉਹ ਦੀ ਬੇਪਤੀ ਸੀ ਕਿਉਂਕਿ ਉਹ ਨੂੰ ਮਾਰਦਕਈ ਦੀ ਉੱਮਤ ਦਾ ਪਤਾ ਦੱਸਿਆ ਗਿਆ ਸੀ, ਸੋ ਹਾਮਾਨ ਭਾਲਦਾ ਸੀ ਕਿ ਸਾਰੇ ਯਹੂਦੀਆਂ ਨੂੰ ਜਿਹੜੇ ਅਹਸ਼ਵੇਰੋਸ ਦੇ ਸਾਰੇ ਰਾਜ ਵਿਚ ਸਨ ਅਰਥਾਤ ਮਾਰਦਕਈ ਦੇ ਲੋਕਾਂ ਨੂੰ ਨਾਸ਼ ਕਰੇ।**

ਹਾਮਾਨ ਦੀ ਤਰੱਕੀ ਨਾਲ ਆਪਣੇ ਆਪ ਵਿਚ ਯਹੂਦੀਆਂ ਲਈ ਕੋਈ ਮੁਸ਼ਕਿਲ ਖੜੀ ਨਹੀਂ ਹੋਈ ਸੀ। ਫਿਰ ਵੀ ਇਕ ਯਹੂਦੀ ਨੇ ਹਾਮਾਨ ਦੇ ਇਖ਼ਤਿਆਰ ਨੂੰ ਮੰਨਣ ਤੋਂ ਇਨਕਾਰ ਕਰਕੇ ਸਾਰਿਆਂ ਲਈ ਮੁਸ਼ਕਿਲ ਪੈਦਾ ਕਰ ਦਿੱਤੀ।

**ਆਇਤ 2.** ਹਾਮਾਨ ਦੇ ਉੱਚੇ ਅਹੁਦੇ ਤੇ ਜਾਣ ਦੀ ਇਕ ਇੱਕਲਵਾਂਝੀ ਗੱਲ ਇਹ ਸੀ ਕਿ ਇਹ

ਜ਼ਰੂਰੀ ਸੀ ਕਿ **ਪਾਤਸ਼ਾਹ ਦੇ ਸਾਰੇ ਟਹਿਲੂਏ** ਉਸ ਦਾ ਆਰਦ ਕਰਨ। ਸੰਭਵ ਤੌਰ ਤੇ ਇਸ ਵਿਚ ਬਾਦਸ਼ਾਹ ਦੇ ਘਰੇਲੂ ਨੌਕਰਾਂ ਦੇ ਨਾਲ ਨਾਲ ਸਰਕਾਰੀ ਅਧਿਕਾਰੀ ਵੀ ਸ਼ਾਮਿਲ ਸਨ। ਉਹ ਸਭ ਜੋ **ਪਾਤਸ਼ਾਹ ਦੇ ਫਾਟਕ ਉੱਤੇ** ਮਹਿਲ ਦੇ ਪ੍ਰਵੇਸ਼ ਦੁਆਰ ਤੇ ਸਨ ਜਿੱਧਰੋਂ ਦੀ ਮਹਿਮਾਨ ਆਉਂਦੇ ਸਨ ਅਤੇ ਜਿੱਥੇ ਬਹੁਤਾ ਸਰਕਾਰੀ ਕੰਮ ਕਾਜ ਹੁੰਦਾ ਸੀ, ਹਾਮਾਨ ਦੇ **ਅੱਗੇ ਗੋਡੇ ਨਿਵਾਉਂਦੇ** ਸਨ ਅਤੇ ਡੰਡੌਤ ਕਰਦੇ ਸਨ। **ਮੱਥਾ ਟੇਕਦੇ** ਸਨ (*shachah*, *ਸ਼ਾਖ਼ਾ*) ਦਾ ਮੂਲ ਅਰਥ ''ਅੱਗੇ ਆਪਣੇ ਝੁਕਾਉਂਦੇ'' ਹੈ ਜਿਵੇਂ ਬੰਦਗੀ ਕਰ ਰਹੇ ਹੋਣ। **ਪਾਤਸ਼ਾਹ ਦਾ ਹੁਕਮ** ਸੀ ਕਿ ਲੋਕ **ਹਾਮਾਨ** ਦੇ ਅੱਗੇ ਮੱਥਾ ਟੇਕਣ।

**ਮਾਰਦਕਈ** ਯਹੂਦੀ ਇਕ ਬੰਦਾ ਸੀ ਜਿਸਨੇ ਬਾਦਸ਼ਾਹ ਦੇ ਇਸ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ: 2:5–7 ਵਿਚ ਪਾਠਕ ਨੂੰ ਮਾਰਦਕਈ ਦੀ ਪਛਾਣ ਇਕ ਯਹੂਦੀ ਅਤੇ ਮਲਕਾ ਅਸਤਰ ਦੇ ਭਰਾ ਅਤੇ ਸਰਪ੍ਰਸਤ ਦੇ ਰੂਪ ਵਿਚ ਕਰਵਾਈ ਗਈ, ਇਸ ਕਰਕੇ ਲੇਖਕ ਨੇ ਇਸ ਸੰਦਰਭ ਵਿਚ ਉਹਦੀ ਹੋਰ ਪਛਾਣ ਕਰਾਉਣਾ ਜ਼ਰੂਰੀ ਨਹੀਂ ਸਮਝਿਆ। ਨਾ ਹੀ ਮਾਰਦਕਈ ਦੇ ''ਪਾਤਸ਼ਾਹ ਦੇ ਫਾਟਕ ਉੱਤੇ'' ਹੋਣ ਦੀ ਵਿਆਖਿਆ ਕਰਨ ਦੀ ਕੋਈ ਲੋੜ ਸੀ, ਕਿਉਂ ਜੋ ਇਹ ਉਹਦੀ ਥਾਂ ਸੀ ਜਿੱਥੇ ਉਹ ਇਹ ਪਤਾ ਕਰਨ ਲਈ ਜਾਂਦਾ ਸੀ ਕਿ ਅਸਤਰ ਠੀਕ ਠਾਕ ਹੈ (ਵੇਖੋ 2:11, 21)।

**ਆਇਤ 3.** ਹਾਮਾਨ ਦਾ ਆਪੇ ਮਾਰਦਕਈ ਦੀ ਨਾਫ਼ਰਮਾਨੀ ਵੱਲ ਇਕਦਮ ਧਿਆਨ ਨਹੀਂ ਗਿਆ ਸੀ, ਬਲਕਿ **ਪਾਤਸ਼ਾਹ ਦੇ ਟਹਿਲੂਆਂ ਨੇ ਜਿਹੜੇ ਪਾਤਸ਼ਾਹ ਦੇ ਫਾਟਕ ਉੱਤੇ ਸਨ** ਧਿਆਨ ਦੁਆਇਆ ਸੀ। ਉਨ੍ਹਾਂ ਨੇ ਉਸ ਤੋਂ ਪੁੱਛਿਆ ਸੀ ਕਿ ਉਹ **ਕਿਉਂ ਪਾਤਸ਼ਾਹ ਦੇ ਹੁਕਮ ਦੀ ਉਲੰਘਣਾ ਕਰਦਾ** ਹੈ।

**ਆਇਤ 4.** ਬੇਸ਼ੱਕ ਇਹ ਲੋਕ ਮਾਰਦਕਈ ਨੂੰ ਆਪਣਾ ਰਵੱਈਆ ਬਦਲਣ ਲਈ ਮਨਾਉਣ ਦੀ ਕੋਸ਼ਿਸ਼ ਕਰ ਰਹੇ ਸਨ; ਉਹ ਇਸ ਵਿਸ਼ੇ ਉੱਤੇ **ਨਿਤ ਨਿਤ** ਗੱਲਾਂ ਕਰਦੇ ਸਨ। ਮਾਰਦਕਈ ਨੇ ਉਨ੍ਹਾਂ ਦੀ ਗੱਲ ਨਹੀਂ ਮੰਨੀ, ਜਿਸ ਕਰਕੇ ਉਨ੍ਹਾਂ ਨੇ ਉਸ ਦੀ ਉਸ ਦੇ ਹੁਕਮ ਨਾ ਮੰਨਣ ਦੀ ਗੱਲ **ਹਾਮਾਨ** ਨੂੰ ਦੱਸ ਦਿੱਤੀ, ਸ਼ਾਇਦ ਇਹ ਪੁੱਛਦਿਆਂ ਕਿ ਗੋਡੇ ਨਿਵਾਉਣ ਤੋਂ ਇਨਕਾਰ ਕਰਨ ਦੀ **ਮਾਰਦਕਈ ਦੀ ਇਹ ਗੱਲ** ਕਬੂਲੇ ਜਾਣ ਯੋਗ ਹੈ ਜਾਂ ਨਹੀਂ। ਲੇਖਕ ਨੇ ਭਾਵੇਂ ਇਸ ਵਿਹਾਰ ਦਾ ਕਾਰਣ ਸਪੱਸ਼ਟ ਨਹੀਂ ਕੀਤਾ ਪਰ ਸਾਫ਼ ਤੌਰ ਤੇ ਇਹਦਾ ਮਾਰਦਕਈ ਦੇ ਯਹੂਦੀ ਹੋਣ ਨਾਲ ਕੁਝ ਨਾ ਕੁਝ ਸਬੰਧ ਹੈ। ਕਿਤਾਬ ਵਿਚ ''ਮਾਰਦਕਈ ਦੀ ਗੱਲ'' ਨੂੰ ਇਸ ਤੱਥ ਨਾਲ ਜੋੜਿਆ ਗਿਆ ਹੈ ਕਿ **ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਯਹੂਦੀ ਸੀ**।

ਯਹੂਦੀ ਹੋਣ ਨੇ ਮਾਰਦਕਈ ਨੂੰ ਹਾਮਾਨ ਦੀ ਇੱਜ਼ਤ ਕਰਨ ਤੋਂ ਕਿਉਂ ਰੋਕਣਾ ਸੀ? ਇਸ ਸਵਾਲ ਦਾ ਇਕਦਮ ਉਪਲਬਧ ਕੋਈ ਜਵਾਬ ਨਹੀਂ ਹੈ। ਮੂਸਾ ਦੀ ਸ਼ਰ੍ਹਾ ਵਿਚ ਕਿਸੇ ਮੂਰਤੀ ਅੱਗੇ ਝੁਕਣ ਦੀ ਮਨਾਹੀ ਸੀ, ਪਰ ਇਸ ਵਿਚ ਸੰਸਾਰਿਕ ਰਾਜਿਆਂ ਦੇ ਅੱਗੇ ਝੁਕਣ ਦੀ ਕੋਈ ਮਨਾਹੀ ਨਹੀਂ ਸੀ। ਪੁਰਾਣੇ ਨੇਮ ਵਿਚ ਖ਼ੁਦਾ ਦੇ ਲੋਕਾਂ ਦੇ ਹਾਕਮਾਂ ਅਤੇ ਇਖ਼ਤਿਆਰ ਵਾਲੇ ਹੋਰਨਾਂ ਲੋਕਾ ਅੱਗੇ ਝੁਕਣ ਦੀਆਂ ਉਦਾਹਰਣਾਂ ਹਨ (ਉਤਪਤ 23:7; 27:29; 1 ਸਮੂਏਲ 24:8; 2 ਸਮੂਏਲ 14:4; 1 ਰਾਜਿਆਂ 1:16)।[5]

ਇਹ ਸੁਝਾਅ ਦਿੱਤਾ ਗਿਆ ਹੈ ਕਿ ਯਹੂਦੀਆਂ ਅਤੇ ਅਮਾਲੇਕੀਆਂ ਵਿਚਕਾਰ ਦੁਸ਼ਮਣੀ ਦਾ ਅਧਾਰ ਮਾਰਦਕਈ ਦਾ ਇਨਕਾਰ ਸੀ; ਦੂਜੇ ਸ਼ਬਦਾਂ ਵਿਚ ਉਹ ਪੁਰਾਣੇ ਦੁਸ਼ਮਣ ਦਾ ਆਦਰ ਕਰਨ ਲਈ ਤਿਆਰ ਨਹੀਂ ਸੀ। ਇਕ ਹੋਰ ਸੰਭਾਵਨਾ ਇਹ ਹੈ ਕਿ ਮਾਰਦਕਈ ਨੂੰ ਲਗਦਾ ਸੀ ਕਿ ਹਾਮਾਨ ਆਪਣੇ ਆਪ ਨੂੰ ਦੇਵਤੇ ਦੇ ਤੌਰ ਤੇ ਪੇਸ਼ ਕਰ ਰਿਹਾ ਹੈ, ਅਤੇ ਉਸ ਨੇ ਹਾਮਾਨ ਅੱਗੇ ਝੁਕਣ ਨੂੰ ਕਿਸੇ ਝੂਠੇ ਦੇਵਤੇ ਦੀ ਪੂਜਾ ਕਰਨ ਦੇ ਬਰਾਬਰ ਮੰਨਿਆ।[6]

ਵਿਆਖਿਆ ਕਰਨ ਵਾਲਿਆਂ ਨੇ ਇਹ ਵਿਚਾਰ ਸਾਂਝਾ ਕੀਤਾ ਹੈ ਕਿ ਮਾਰਦਕਈ ਉਸ ਵਡਿਆਈ ਨੂੰ ਜਿਸ ਦਾ ਹੱਕਦਾਰ ਸਿਰਫ਼ ਖ਼ੁਦਾ ਹੈ, ਹਾਮਾਨ ਨੂੰ ਜੋ ਕਿ ਨਿਰਾ ਮਨੁੱਖ ਸੀ, ਦੇਣ ਤੋਂ ਬਚ ਰਿਹਾ ਸੀ। ਉਹ ਹਾਮਾਨ ਦੇ ਅੱਗੇ ਮਾਰਦਕਈ ਦੇ ਝੁਕਣ ਤੋਂ ਇਨਕਾਰ ਕਰਨ ਨੂੰ ਮੰਨੇ ਜਾਣ ਵਾਲੀ ਇਕ

ਚੰਗੀ ਉਦਾਹਰਣ ਦੇ ਤੌਰ ਤੇ ਵੇਖਦੇ ਹਨ। ਪਰ ਮਾਰਦਕਈ ਦਾ ਇਹ ਖ਼ਿਆਲ ਗਲਤ ਹੋ ਸਕਦਾ ਹੈ ਕਿ ਹਾਮਾਨ ਅੱਗੇ ਝੁਕਣਾ ਬੁੱਤਪ੍ਰਸਤੀ ਕਰਨ ਵਰਗਾ ਹੀ ਹੈ। ਮਾਰਦਕਈ ਦੇ ਵਿਹਾਰ ਤੋਂ ਇਹ ਲਗ ਸਕਦਾ ਹੈ ਕਿ ਉਸ ਨੇ ਉਹੀ ਕੀਤਾ ਜੋ ਉਹਦੇ ਅੰਤਹਕਰਣ ਨੇ ਉਸ ਤੋਂ ਕਰਵਾਉਣਾ ਚਾਹਿਆ। ਫੇਰ, ਸਾਨੂੰ ਇਹ ਯਾਦ ਰੱਖਣਾ ਪਵੇਗਾ ਕਿ ਕਹਾਣੀ ਨੂੰ ਦੱਸਦਿਆਂ, ਕਹਾਣੀ ਲਿਖਣ ਵਾਲੇ ਨੇ ਨਾ ਤਾਂ ਮਾਰਦਕਈ ਨੂੰ ਗਲਤ ਆਖਿਆ ਅਤੇ ਨਾ ਹੀ ਉਸ ਦੀ ਤਾਰੀਫ਼ ਕੀਤੀ। ਉਹ ਤਾਂ ਸਿਰਫ਼ ਉਹੀ ਦੱਸ ਰਿਹਾ ਸੀ ਜੋ ਹੋਇਆ ਸੀ।

**ਆਇਤ 5.** ਜਦ **ਹਾਮਾਨ** ਨੂੰ ਮਾਰਦਕਈ ਦੀ ਬੇਇਜ਼ਤੀ ਦਾ ਪਤਾ ਲੱਗਾ ਤਾਂ ਉਹ **ਕਹਿਰ** ਵਿਚ ਆ ਗਿਆ। ਸ਼ਾਇਦ ਆਦਮੀ ਦੇ ਸੁਭਾਅ ਦਾ ਪਤਾ ਹੋਣ ਕਰਕੇ ਅਸੀਂ ਉਸਦੀ ਪ੍ਰਤੀਕਿਰਿਆ ਨੂੰ ਸਮਝ ਸਕਦੇ ਹਾਂ। ਕਿਸੇ ਨੂੰ ਵੀ ਆਪਣੀ ਬੇਇਜ਼ਤੀ ਚੰਗੀ ਨਹੀਂ ਲਗਦੀ; ਅਤੇ ਰਾਜ ਵਿਚ ਸਭ ਤੋਂ ਉੱਚੇ ਅਹੁਦੇ ਤੇ ਪਹੁੰਚਣ ਵਾਲੇ ਵਿਅਕਤੀ ਦੇ ਰੂਪ ਵਿਚ, ਹਾਮਾਨ ਘਮੰਡ ਨਾਲ ਭਰ ਗਿਆ ਹੋਵੇਗਾ ਅਤੇ ਖ਼ਾਸ ਕਰਕੇ ਆਪਣੇ ਅਧੀਨ ਲੋਕਾਂ ਦੀ ਹੇਠੀ ਨਾਲ ਵਧੇਰੇ ਸੰਵੇਦਨਸ਼ੀਲ ਹੋਇਆ ਹੋਵੇਗਾ।

**ਆਇਤ 6.** ਪਰ ਜੋ ਕੁਝ ਇਸ ਦੇ ਬਾਅਦ ਹੋਇਆ ਹੈ ਉਹ ਕਿਸੇ ਵੀ ਤਰ੍ਹਾਂ ਨਾਲ ਸਮਝ ਨਹੀਂ ਆਉਂਦਾ; **ਹਾਮਾਨ** ਦੀ ਅਜਿਹੀ ਪ੍ਰਤੀਕਿਰਿਆ ਦੀ ਪਾਠਕ ਵੱਲੋਂ ਕਲਪਨਾ ਨਹੀਂ ਕੀਤੀ ਜਾ ਸਕਦੀ। ਉਸ ਨੇ **ਮਾਰਦਕਈ ਇਕੱਲੇ** ਨੂੰ ਉਹਦੀ ਗਲਤੀ ਲਈ ਸਜ਼ਾ ਦੇਣ ਵਾਸਤੇ **ਉਹ ਦੀ ਨਿਗਾਹ ਵਿਚ ਉਹ ਦੀ ਬੇਪਤੀ** ਕੀਤੀ (ਮੂਲ ਵਿਚ, ''ਆਪਣੀ ਨਜ਼ਰ ਵਿਚ ਤੁੱਛ ਜਾਣਿਆ''); ਇਸ ਦੀ ਥਾਂ ਉਸ ਨੇ **ਯਹੂਦੀਆਂ ਨੂੰ ਜਿਹੜੇ . . . ਸਾਰੇ ਰਾਜ ਵਿਚ ਸਨ . . . ਨਾਸ਼ ਕਰਨ ਦਾ ਫ਼ੈਸਲਾ ਕੀਤਾ!** ਬੇਸ਼ੱਕ ਮਾਰਦਕਈ ਵੀ ਉਸ ਕਤਲੇਆਮ ਵਿਚ ਹੋਣਾ ਸੀ; ਪਰ ਹਜ਼ਾਰਾਂ ਹੋਰ ਯਹੂਦੀ ਵੀ ਮਾਰੇ ਜਾਣੇ ਸਨ ਜਿਨ੍ਹਾਂ ਨੇ ਹਾਮਾਨ ਦੀ ਕੋਈ ਬੇਇਜ਼ਤੀ ਨਹੀਂ ਕੀਤੀ ਸੀ!

ਲੇਖਕ ਨੇ ਜਿਵੇਂ ਮਾਰਦਕਈ ਦੇ ਇਰਾਦਿਆਂ ਬਾਰੇ ਕੁਝ ਨਹੀਂ ਕਿਹਾ, ਉਵੇਂ ਹੀ ਉਹਨੇ ਹਾਮਾਨ ਦੀ ਬੇਤੁਕੀ ਯੋਜਨਾ ਨੂੰ ਸਹੀ ਠਹਿਰਾਉਣ ਤੋਂ ਬਗ਼ੈਰ ਅੱਗੇ ਵਧ ਗਿਆ। ਬੇਸ਼ੱਕ ਹਾਮਾਨ ਮਾਰਦਕਈ ਨੂੰ ਸਜ਼ਾ ਦੇ ਸਕਦਾ ਸੀ। ਉਸ ਨੇ ਅਜਿਹਾ ਨਾ ਕਰਨਾ ਕਿਉਂ ਚੁਣਿਆ? ਭਲਾ ਉਹ ਨੂੰ ਇਹ ਲੱਗਾ ਕਿ ਉਹਦਾ ਰੁਤਬਾ ਐਨਾ ਵੱਡਾ ਹੈ ਕਿ ਉਹ ਸਿਰਫ਼ ਇਕ ਬੰਦੇ ਨੂੰ ਮਾਰਨ ਲਈ ਐਨਾ ਨੀਵਾਂ ਨਹੀਂ ਹੋ ਸਕਦਾ? ਭਲਾ ਉਹਨੂੰ ਇਹ ਲਗਦਾ ਸੀ ਕਿ ਉਹਦੀ ਬੇਇਜ਼ਤੀ ਕੀਤੇ ਜਾਣ ਦੇ ਜੁਰਮ ਦਾ ਇੱਕੋ ਇਕ ਤਰੀਕਾ ਹਜ਼ਾਰਾਂ ਕਤਲਾਂ ਦਾ ਪ੍ਰਾਸਚਿਤ ਹੋ ਸਕਦਾ ਸੀ? ਹਾਮਾਨ ਨੂੰ ਹੰਕਾਰ ਦਾ ਮਾਰਿਆ ਹੋਇਆ ਆਖਿਆ ਜਾ ਸਕਦਾ ਹੈ, ਜਾਂ ਅਸੀਂ ਐਨਾ ਕਹਿ ਸਕਦੇ ਹਾਂ ਕਿ ਹਾਮਾਨ ਹੱਦੋਂ ਵੱਧ ਘਮੰਡ ਦੇ ਨਤੀਜਿਆਂ ਨੂੰ ਵਿਖਾਉਂਦਾ ਹੈ। ਮਾਈਕਲ ਵੀ. ਫ਼ੌਕਸ ਦਾ ਇਹ ਵਿਚਾ ਸੀ: ''ਹਾਮਾਨ ਸਿਰਫ਼ ਘਮੰਡ ਦਾ ਮਾਰਿਆ ਹੈ ਅਤੇ ਵੈਰ ਭਾਵ ਨਾਲ ਇਹੀ ਹੁੰਦਾ ਹੈ।''[7]

## ਯਹੂਦੀਆਂ ਨੂੰ ਖ਼ਤਮ ਕਰਨ ਦੀ ਹਾਮਾਨ ਦੀ ਸਕੀਮ (3:7-11)

**[7]ਅਤੇ ਅਹਸ਼ਵੇਰੋਸ਼ ਪਾਤਸ਼ਾਹ ਦੇ ਰਾਜ ਦੇ ਬਾਰਵੇਂ ਵਰ੍ਹੇ ਦੇ ਪਹਿਲੇ ਮਹੀਨੇ ਤੋਂ ਜਿਹੜਾ ਨੀਸਾਨ ਦਾ ਮਹੀਨਾ ਹੈ ਉਹ ਨਿਤ ਨਿਤ ਅਤੇ ਹਰ ਬਾਰਵੇਂ ਮਹੀਨੇ ਅਰਥਾਤ ਅਦਾਰ ਦੇ ਮਹੀਨੇ ਤੀਕ ਹਾਮਾਨ ਦੇ ਸਾਹਮਣੇ ਪੂਰ ਅਰਥਾਤ ਗੁਣੇ ਪਾਉਂਦੇ ਰਹੇ [8]ਤਾਂ ਹਾਮਾਨ ਨੇ ਅਹਸ਼ਵੇਰੋਸ਼ ਪਾਤਸ਼ਾਹ ਨੂੰ ਆਖਿਆ, ਆਪ ਦੇ ਰਾਜ ਦੇ ਸਾਰੇ ਸੂਬਿਆਂ ਵਿਚ ਇਕ ਉੱਮਤ ਸਾਰੀਆਂ ਉੱਮਤਾਂ ਵਿਚ ਖਿੱਲਰੀ ਅਤੇ ਫੈਲੀ ਹੋਈ ਹੈ। ਉਸ ਦੀਆਂ ਰੀਤੀਆਂ ਹੋਰ ਸਾਰੀਆਂ ਉੱਮਤਾਂ ਨਾਲੋਂ ਵੱਖਰੀਆਂ ਹਨ ਅਰ ਓਹ ਪਾਤਸ਼ਾਹ ਦੇ ਕਨੂਨ ਨੂੰ ਨਹੀਂ ਮੰਨਦੇ ਇਸ ਲਈ ਉਸ ਉੱਮਤ ਨੂੰ ਰਹਿਣ ਦੇਣਾ ਪਾਤਸ਼ਾਹ ਲਈ ਲਾਭਵੰਤ ਨਹੀਂ [9]ਜੇ ਪਾਤਸ਼ਾਹ ਨੂੰ ਚੰਗਾ ਲੱਗੇ ਤਾਂ ਉਨ੍ਹਾਂ ਦੇ ਨਾਸ਼ ਕਰਨ ਲਈ ਲਿੱਖਿਆ ਜਾਵੇ ਅਤੇ ਮੈਂ ਕੰਮ ਦੇ ਕਰਿੰਦਿਆਂ ਦੇ ਹੱਥ**

**ਵਿਚ ਦਸ ਹਜਾਰ ਚਾਂਦੀ ਦੇ ਤੋੜੇ ਸ਼ਾਹੀ ਗੰਜ ਵਿਚ ਪਾਉਣ ਲਈ ਤੋਲ ਦਿਆਂਗਾ [10]ਤਾਂ ਪਾਤਸ਼ਾਹ ਨੇ ਮੋਹਰ ਆਪਣੇ ਹੱਥੋਂ ਲਾਹ ਕੇ ਯਹੂਦੀਆਂ ਦੇ ਵੈਰੀ ਅਗਾਗੀ ਹਮਦਾਥਾ ਦੇ ਪੁੱਤਰ ਹਾਮਾਨ ਨੂੰ ਦੇ ਦਿੱਤੀ [11]ਤਾਂ ਪਾਤਸ਼ਾਹ ਨੇ ਹਾਮਾਨ ਨੂੰ ਆਖਿਆ, ਉਹ ਚਾਂਦੀ ਤੈਨੂੰ ਬਖ਼ਸੀ ਗਈ ਅਤੇ ਓਹ ਲੋਕ ਵੀ ਭਈ ਜੋ ਤੇਰੀ ਨਿਗਾਹ ਵਿਚ ਚੰਗਾ ਜਾਪੇ ਤੂੰ ਉਨ੍ਹਾਂ ਨਾਲ ਕਰੇਂ।**

**ਆਇਤ 7.** ਇਹ ਫ਼ੈਸਲਾ ਕਰ ਲੈਣ ਤੋਂ ਬਾਅਦ, ਭਾਵ ਸਭ ਯਹੂਦੀਆਂ ਨੂੰ ਮਾਰ ਸੁੱਟਣ ਦਾ ਫ਼ੈਸਲਾ ਕਰ ਲੈਣ ਤੋਂ ਬਾਅਦ, ਹਾਮਾਨ ਨੇ ਅੱਗੇ ਤੈਅ ਕੀਤਾ ਕਿ ਇਹ ਕਦੋਂ ਕਰਨਾ ਹੈ। ਉਸ ਦੀਆਂ ਯੋਜਨਾਵਾਂ ਨੂੰ ਅੰਜਾਮ ਦੇਣ ਦਾ ਸਭ ਤੋਂ ਵਧੀਆ ਸਮਾਂ ਪਤਾ ਲਾਉਣ ਲਈ **ਹਾਮਾਨ** ਕੋਲ **ਪੂਰ ਅਰਥਾਤ ਗੁਣੇ** (ਵੇਖੋ 9:24) ਲਿਆਂਦੇ ਗਏ। ''ਗੁਣੇ'' (*goral*, *ਗੋਰਾਲ*) ਦੀ ਵਰਤੋਂ ''ਸਹੀ ਅਤੇ ਨਿਰਪੱਖ ਫ਼ੈਸਲੇ ਤੇ ਪਹੁੰਚਣ ਦੇ ਮਾਧਿਅਮ'' ਦੇ ਰੂਪ ਵਿਚ (ਵੇਖੋ 1 ਇਤਹਾਸ 25:8; ਨਹਮਯਾਹ 10:34; 11:1; ਜ਼ਬੂਰਾਂ 22:18; ਕਹਾਉਤਾਂ 18:18) ਅਤੇ ਖ਼ੁਦਾ ਦੀ ਇੱਛਾ ਦਾ ਪਤਾ ਲਾਉਣ ਲਈ ਕੀਤੀ ਜਾਂਦੀ ਸੀ (ਕਹਾਉਤਾਂ 16:33)।[8] ਹਾਮਾਨ ਦੇ ਮਾਮਲੇ ਵਿਚ, ਫ਼ਾਰਸ ਵਿਚ, ਗੁਣਿਆਂ ਦੀ ਵਰਤੋਂ ਕਰਦੀ ਉਸਦੇ ਦੇਵਤੇ (ਦੇਵਤਿਆਂ) ਦੀ ਇੱਛਾ ਤੈਅ ਕਰਨ ਦਾ ਇਕ ਤਰੀਕਾ ਸੀ। ਪੂਰੀਮ (ਬਹੁਵਚਨ) ਦਾ ਤਕਰੀਬਨ ਤਕਰੀਬਨ ਉਹੀ ਕੰਮ ਸੀ ਜੋ ਅੱਜ ਦੇ ਸਮੇਂ ਵਿਚ ਜੂਏ ਵਿਚ ਵਰਤੇ ਜਾਣ ਵਾਲੇ ਤਾਣੇ ਜਾਂ ਚੌਸਰ ਦਾ ਹੋ ਸਕਦਾ ਹੈ। ਪਾਸਾ ਸੁੱਟਣ ਜਾਂ ਸਿੱਕਾ ਉਛਾਲਣ ਦੇ ਨਤੀਜੇ ਸੰਯੋਗ ਦੀ ਗੱਲ ਹੈ, ਜੋ ਮਨੁੱਖੀ ਜੀਵਾਂ ਦੇ ਵੱਸੋਂ ਬਾਹਰ ਹੈ। ਪਰ ਪੁਰਾਣੇ ਜ਼ਮਾਨੇ ਦੇ ਲੋਕ ਗੁਣੇ ਪਾਉਣ ਨੂੰ ਸੰਯੋਗ ਨਾਲ ਨਹੀਂ ਜੋੜਦੇ ਸਨ; ਉਨ੍ਹਾਂ ਦਾ ਮੰਨਣਾ ਸੀ ਕਿ ਪੂਰ ਹਮੇਸ਼ਾ ਉਨ੍ਹਾਂ ਦੇਵੀ-ਦੇਵਤਿਆਂ ਵੱਲੋਂ ਸੰਚਾਲਿਤ ਹੁੰਦੇ ਸਨ ਜਿਨ੍ਹਾਂ ਦੀ ਉਹ ਪੂਜਾ ਕਰਦੇ ਸਨ। ਇਹਦਾ ਮਤਲਬ ਇਹ ਹੋਇਆ ਕਿ ਹਾਮਾਨ ਯਹੂਦੀਆਂ ਦੇ ਖਾਤਮੇ ਦੇ ਸਭ ਤੋਂ ਢੁਕਵੇਂ ਸਮੇਂ ਲਈ ਆਪਣੇ ਦੇਵਤੇ (ਦੇਵਤਿਆਂ) ਤੋਂ ਪੁੱਛ ਰਿਹਾ ਸੀ।

ਸਾਫ਼ ਹੈ ਕਿ **ਨੀਸਾਨ ਦੇ ਪਹਿਲੇ ਮਹੀਨੇ** (ਮਾਰਚ/ਅਪ੍ਰੈਲ) ਨੂੰ ਘੱਟੋ-ਘੱਟ ਬਾਬਲ ਵਿਚ ''ਕਿਸਮਤ ਤੈਅ ਕਰਨ ਲਈ ਸਾਲ ਦਾ ਸਮਾਂ'' ਮੰਨਿਆ ਜਾਂਦਾ ਸੀ।[9] ਇਸ ਸਮੇਂ ਹਾਮਾਨ ਦੀ ਯੋਜਨਾ ਨੂੰ ਲਾਗੂ ਕਰਨ ਦੀ ਸਹੀ ਸਹੀ ਤਰੀਕ ਦਾ ਫ਼ੈਸਲਾ ਕਰਨ ਲਈ ਗੁਣੇ **ਪਾਏ** ਗਏ। (ਪੰਜਾਬੀ ਅਤੇ NASB ਵਿਚ-ਅਨੁਵਾਦਕ) ਸੁਝਾਅ ਦਿੱਤਾ ਗਿਆ ਹੈ ਕਿ ਇਹ ਗੁਣੇ **ਨਿਤ ਨਿਤ ਅਤੇ ਹਰ ਬਾਰਵੇਂ ਮਹੀਨੇ** ਦਰ ਮਹੀਨੇ ਪਾਏ ਜਾਂਦੇ ਰਹੇ ਜਦ ਤਕ ਸਕਰਾਤਮਕ ਜਵਾਬ ਨਹੀਂ ਮਿਲਿਆ। ਪਰ ਕਈ ਸੰਸਕਰਣਾਂ ਵਿਚ ਇਹ ਹੈ ਕਿ ਗੁਣੇ ਦਿਨ ਅਰ ਮਹੀਨਾ ਚੁਣਨ ਲਈ ਇੱਕੋ ਵਾਰ ਪਾਏ ਗਏ (NIV; ਵੇਖੋ NAB; NKJV; NJPSV; NJB; NRSV; NCV; TEV; NLT)। REB ਵਿਚ ਕਿਹਾ ਗਿਆ ਹੈ ਕਿ ''ਦਿਨਾਂ ਅਰ ਮਹੀਨਿਆਂ ਨੂੰ ਇਕ ਇਕ ਕਰਕੇ ਲੈ ਕੇ'' ਪੂਰਾ ਕੀਤਾ ਗਿਆ। ਗੁਣੇ ਪਾਏ ਜਾਣ ਵੇਲੇ ਹਾਮਾਨ ਇਹ ਸਵਾਲ ਪੁੱਛਦਾ ਹੋਵੇਗਾ ''ਭਲਾ ਯਹੂਦੀਆਂ ਨੂੰ ਖ਼ਤਮ ਕਰਨ ਦਾ ਚੰਗਾ ਦਿਨ/ਮਹੀਨਾ ਹੈ ਇਹੀ?'' ਹਰ ਵਾਰ ਗੁਣਾ ਪਾਏ ਜਾਣ ਤੇ ਜਾਂ ਤਾਂ ਕੋਈ ਜਵਾਬ ਨਹੀਂ ਮਿਲਿਆ ਹੋਵੇਗਾ ਜਾਂ ਨਕਾਰਾਤਮਕ ਜਵਾਬ ਮਿਲਦਾ ਹੋਵੇਗਾ ਜਦ ਤਕ ਅਖ਼ੀਰ ਵਿਚ ਗੁਣੇ ਤੋਂ ਸਕਾਰਾਤਮਕ ਜਵਾਬ ਨਹੀਂ ਮਿਲ ਗਿਆ। ਅਖ਼ੀਰ ਵਿਚ ਗੁਣਾ **ਅਦਾਰ ਦੇ ਬਾਰਵੇਂ ਮਹੀਨੇ** (ਫਰਵਰੀ/ਮਾਰਚ) ਵਿਚ ਪਾਇਆ ਗਿਆ। ''ਤੇਰ੍ਹਵੇਂ ਦਿਨ'' ਵੀ ਇਹੀ ਹੋਇਆ ਹੋਵੇਗਾ (ਵੇਖੋ 3:13), ਭਾਵੇਂ MT ਵਿਚ ਇਹ ਨਹੀਂ ਮਿਲਦਾ (ਵੇਖੋ LXX)।

ਹਾਮਾਨ ਨੇ ਯਹੂਦੀਆਂ ਨੂੰ ਮਾਰਨ ਲਈ ਗਿਆਰਾਂ ਮਹੀਨੇ ਬਾਅਦ ਇਹ ਤਰੀਕ ਕਿਉਂ ਚੁਣੀ? ਉਹ ਨੂੰ ਬਾਦਸ਼ਾਹ ਵੱਲੋਂ ਮੰਜ਼ੂਰੀ ਕਿਉਂ ਨਹੀਂ ਮਿਲੀ ਅਤੇ ਉਹ ਨੇ ਯਹੂਦੀਆਂ ਦਾ ਕਤਲ ਓਸੇ ਵੇਲੇ ਕਿਉਂ ਨਹੀਂ ਸ਼ੁਰੂ ਕੀਤਾ? ਸ਼ਾਇਦ ਉਹਨੂੰ ਲੱਗਾ ਕਿ ਕਈ ਮਹੀਨੇ ਪਹਿਲਾਂ ਹਮਲੇ ਦੀ ਯੋਜਨਾ ਬਣਾਉਣੀ ਜ਼ਰੂਰੀ ਹੈ ਕਿਉਂ ਜੋ ਪੁਰਾਣੇ ਜ਼ਮਾਨੇ ਦੇ ਸੰਚਾਰ ਦੇ ਤਰੀਕਿਆਂ ਵਿਚ ਸਮਾਂ ਲਗ ਜਾਂਦਾ ਸੀ।

(ਉਹ ਆਧੁਨਿਕ ਮਾਨਕਾਂ ਦੇ ਮੁਕਾਬਲੇ ਢਿੱਲੇ ਸਨ।) ਗੁਣੇ ਪਾਉਣਾ ਇਹ ਸੰਕੇਤ ਦਿੰਦਾ ਹੈ ਕਿ ਜਾਂ ਤਾਂ ਉਹ ਅੰਧਵਿਸ਼ਵਾਸੀ ਸੀ ਅਤੇ ਜਾਂ ਫਿਰ ਆਪਣੇ ਦੇਵੀ ਦੇਵਤਿਆਂ ਦਾ ਸੱਚਾ ਵਿਸ਼ਵਾਸੀ। ਆਪਣੀਆਂ ਕਾਰਵਾਹੀਆਂ ਲਈ ਦੇਵਤਿਆਂ ਦਾ ਆਸ਼ੀਰਵਾਦ ਚਾਹੁੰਦਾ ਹੋਵੇਗਾ ਅਤੇ ਉਹ ਨੂੰ ਲਗਦਾ ਹੋਵੇਗਾ ਕਿ ਉਹਦੇ ਦੁਸ਼ਮਣਾਂ ਨੂੰ ਮਾਰਣ ਲਈ ਉਨ੍ਹਾਂ ਨੂੰ ਤਰੀਕ ਚੁਣਨ ਦੇਣਾ ਸਭ ਤੋਂ ਵਧੀਆ ਤਰੀਕਾ ਹੈ।

**ਆਇਤ 8.** ਇਹ ਦੱਸਣ ਤੋਂ ਬਾਅਦ ਕਿ ਹਾਮਾਨ ਯਹੂਦੀਆਂ ਨੂੰ ਕਦੋਂ ਖ਼ਤਮ ਕਰਨਾ ਚਾਹੁੰਦਾ ਸੀ, ਲੇਖਕ ਨੇ ਦੱਸਿਆ ਕਿ ਉਹ ਨੇ ਆਪਣੇ ਇਸ ਇਰਾਦੇ ਨੂੰ ਕਿਵੇਂ ਅੰਜਾਮ ਦੇਣਾ ਸੀ। ਬਾਦਸ਼ਾਹ ਦਾ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਬਾਦਸ਼ਾਹ ਅਹਸ਼ਵੇਰੋਸ਼ ਤਕ ਉਹਦੀ ਸਿੱਧੀ ਪਹੁੰਚ ਸੀ; ਸੋ ਉਸ ਨੇ ਆਪਣੀ ਯੋਜਨਾ ਲਾਗੂ ਕਰਨ ਲਈ ਬਾਦਸ਼ਾਹ ਤੋਂ ਮੰਜ਼ੂਰੀ ਮੰਗੀ। ਉਹ ਦੋ ਤਰੀਕੇ ਵਰਤ ਕੇ ਬਾਦਸ਼ਾਹ ਨੂੰ ਮਨਾਉਣਾ ਚਾਹ ਰਿਹਾ ਸੀ।

ਸਭ ਤੋਂ ਪਹਿਲਾਂ **ਹਾਮਾਨ** ਨੇ ਯਹੂਦੀਆਂ[10] ਨੂੰ ਬਾਦਸ਼ਾਹ ਦੀ ਹਕੂਮਤ ਲਈ ਇਕ ਖ਼ਤਰੇ ਦੇ ਤੌਰ ਤੇ ਪੇਸ਼ ਕੀਤਾ। ਉਸ ਨੇ **ਅਹਸ਼ਵੇਰੋਸ਼** ਨੂੰ ਅਜਿਹੀ ਪਰਜਾ ਬਾਰੇ ਦੱਸਿਆ ਜਿਹੜੀ ਸਲਤਨਤ ਦੀ ਸ਼ਾਂਤੀ ਵਿਵਸਥਾ ਲਈ ਗੰਭੀਰ ਖ਼ਤਰਾ ਸੀ। ਜੋ ਕੁਝ ਵੀ ਉਹਦੇ ਵੱਲੋਂ ਦੱਸਿਆ ਗਿਆ, ਉਹ ਸੱਚ ਅਤੇ ਝੂਠ ਦਾ ਚਲਾਕੀ ਨਾਲ ਕੀਤਾ ਗਿਆ ਮੇਲ ਸੀ।[11]

ਹਾਮਾਨ ਨੇ ਆਖਿਆ, **ਆਪ ਦੇ ਰਾਜ ਦੇ ਸਾਰੇ ਸੂਬਿਆਂ ਵਿਚ ਇਕ ਉੱਮਤ ਸਾਰੀਆਂ ਉੱਮਤਾਂ ਵਿਚ ਖਿੱਲਰੀ ਅਤੇ ਫੈਲੀ ਹੋਈ ਹੈ।** ਇਹ ਗੱਲ ਸੱਚ ਸੀ; ਇਹ ਵਾਕ ਅੰਸ਼ 475 ਈ.ਪੂ. ਦੇ ਨੇੜੇ ਤੇੜੇ ਯਹੂਦੀਆਂ ਦੀ ਚੰਗੀ ਤਸਵੀਰ ਪੇਸ਼ ਕਰਦਾ ਹੈ।

ਉਸ ਨੇ ਅਹਸ਼ਵੇਰੋਸ਼ ਨੂੰ ਦੱਸਿਆ, **ਉਸ ਦੀਆਂ ਰੀਤੀਆਂ ਹੋਰ ਸਾਰੀਆਂ ਉੱਮਤਾਂ ਨਾਲੋਂ ਵੱਖਰੀਆਂ ਹਨ।** ਇਹ ਗੱਲ ਵੀ ਸਹੀ ਸੀ। ਯਹੂਦੀ ਇਹ ਜਾਣ ਕੇ ਖੁਸ਼ ਹੁੰਦੇ ਹੋਣਗੇ ਕਿ ਗੈਰਕੌਮ ਲੋਕ ਮੰਨਦੇ ਸਨ ਕਿ ਉਨ੍ਹਾਂ ਦੀ ਸ਼ਰ੍ਹਾ ਭਾਵ ਮੂਸਾ ਦੀ ਸ਼ਰ੍ਹਾ, ਹੋਰਨਾਂ ਸਭ ਕਾਨੂੰਨਾਂ ਨਾਲੋਂ ਫ਼ਰਕ ਸੀ। ਯਹੂਦੀਆਂ ਵੱਲੋਂ ਸ਼ਰ੍ਹਾ ਨੂੰ ਮੰਨਿਆ ਜਾਣਾ ਨਜ਼ਰ ਆਉਂਦਾ ਸੀ ਕਿਉਂ ਜੋ ਕੁਝ ਵਿਧੀਆਂ, ਖ਼ਾਸ ਕਰਕੇ ਖਾਣ ਪੀਣ ਅਤੇ ਬੰਦਗੀ ਕਰਨ ਦੇ ਨਿਯਮ ਯਹੂਦੀਆਂ ਨੂੰ ਪੂਰੀ ਤਰ੍ਹਾਂ ਨਾਲ ਉਨ੍ਹਾਂ ਸਮਾਜਾਂ ਵਿਚ ਜਿਨ੍ਹਾਂ ਵਿਚ ਉਹ ਰਹਿੰਦੇ ਸਨ, ਘੁਲਣ ਮਿਲਣ ਨਹੀਂ ਦਿੰਦੇ ਸਨ।

ਪ੍ਰਧਾਨ ਮੰਤਰੀ ਨੇ ਆਖਿਆ, **ਓਹ ਪਾਤਸ਼ਾਹ ਦੇ ਕਨੂਨ ਨੂੰ ਨਹੀਂ ਮੰਨਦੇ।** ਇਹ ਇਲਜ਼ਾਮ ਝੂਠਾ ਸੀ। ਹਾਮਾਨ ਦਾ ਇਹ ਕਹਿਣਾ ਸਹੀ ਹੋ ਸਕਦਾ ਸੀ ਕਿ ਮਾਰਦਕਈ ਨੇ ਬਾਦਸ਼ਾਹ ਦਾ ਇਕ ਨਿਯਮ ਤੋੜਿਆ ਹੈ, ਪਰ ਉਹਦਾ ਇਹ ਨਿਚੋੜ ਕੱਢਣਾ ਕਿ ਸਾਰੇ ਯਹੂਦੀ ਉਨ੍ਹਾਂ ਕਾਨੂੰਨਾਂ ਨੂੰ ਨਹੀਂ ਮੰਨਦੇ ਸਨ ਜਿਹੜੇ ਉਨ੍ਹਾਂ ਨੂੰ ਮੰਨਣ ਲਈ ਦਿੱਤੇ ਜਾਂਦੇ ਸਨ, ਗਲਤ ਅਤੇ ਬੇਤੁਕਾ ਸੀ (ਵੇਖੋ ਯਿਰਮਿਯਾਹ 29:7)। ਅਸਤਰ ਦੀ ਕਿਤਾਬ ਕੁਝ ਹੱਦ ਤਕ ਅਜਿਹੇ ਇਲਜ਼ਾਮ ਦਾ ਖੰਡਣ ਕਰਨ ਲਈ ਲਿਖੀ ਗਈ ਸੀ। ਬੇਸ਼ੱਕ ਹਾਮਾਨ ਨੂੰ ਇਹ ਪਰਵਾਹ ਨਹੀਂ ਸੀ ਕਿ ਉਹਦਾ ਇਲਜ਼ਾਮ ਸਹੀ ਹੈ ਜਾਂ ਗਲਤ, ਕਿਉਂ ਜੋ ਇਹ ਅਜਿਹਾ ਇਲਜ਼ਾਮ ਸੀ ਜਿਸ ਨਾਲ ਉਹਦੀ ਗੱਲ ਦੀ ਪੈਰਵੀ ਹੁੰਦੀ ਸੀ ਜੋ ਉਹ ਚਾਹੁੰਦਾ ਸੀ।

ਹਾਮਾਨ ਦੇ ਇਕ ਚੌਥੀ ਟਿੱਪਣੀ ਨਾਲ ਗੱਲ ਖ਼ਤਮ ਕੀਤੀ: **ਇਸ ਲਈ ਉਸ ਉੱਮਤ ਨੂੰ ਰਹਿਣ ਦੇਣਾ ਪਾਤਸ਼ਾਹ ਲਈ ਲਾਭਵੰਤ ਨਹੀਂ।** ਫੇਰ, ਉਹ ਗਲਤ ਗੱਲ ਕਰ ਰਿਹਾ ਸੀ। ਜਿਵੇਂ ਕਿ 2:19–23 ਵਿਚ ਮਾਰਦਕਈ ਦੀਆਂ ਆਪਣੀਆਂ ਗੱਲਾਂ ਤੋਂ ਸਾਬਿਤ ਹੁੰਦਾ ਸੀ ਕਿ ਬਾਦਸ਼ਾਹ ਨੂੰ ਯਹੂਦੀਆਂ ਦੇ ਰਹਿਣ ਦਾ ਫ਼ਾਇਦਾ ਹੀ ਸੀ।

**ਆਇਤ 9.** ਆਪਣੀ ਗੱਲ ਰੱਖਣ ਤੋਂ ਬਾਅਦ, ਆਪਣੀ ਗੱਲ ਦੇ ਦੂਜੇ ਹਿੱਸੇ ਵਿਚ ਹਾਮਾਨ ਦੇ ਕਹਿਣ ਦਾ ਮਤਲਬ ਸੀ ਕਿ ਯਹੂਦੀਆਂ ਦੀ ਬਰਾਬਦੀ ਨਾਲ **ਪਾਤਸ਼ਾਹ** ਨੂੰ ਵੱਡੀ ਦੌਲਤ ਹਾਸਲ ਕਰਨ ਦਾ ਮੌਕਾ ਮਿਲੇਗਾ। ਉਸ ਨੇ ਆਖਿਆ, **ਉਨ੍ਹਾਂ ਦੇ ਨਾਸ਼ ਕਰਨ ਲਈ ਲਿਖਿਆ ਜਾਵੇ।** ਫਿਰ ਉਸ ਨੇ ਬਾਦਸ਼ਾਹ ਨੂੰ **ਦਸ ਹਜਾਰ ਚਾਂਦੀ ਦੇ ਤੋੜੇ** (ਬਹੁਤ ਵੱਡੀ ਰਕਮ) ਫ਼ਾਰਸੀ ਕੇਂਦਰੀ ਸਰਕਾਰ ਦੇ

ਸਾਲਾਨਾ ਬਜਟ ਦੇ ਦੋ ਤਿਹਾਈ ਜਿੰਨਾ''[12]) ਦੇਣ ਦਾ ਵਾਅਦਾ ਕੀਤਾ, ਜੇ ਉਹ ਹੁਕਮ ਜਾਰੀ ਕਰ ਦਿੰਦਾ। ਕਿਤਾਬ ਭਾਵੇਂ ਇਹ ਸਪੱਸ਼ਟ ਨਹੀਂ ਕਰਦੀ ਕਿ ਚਾਂਦੀ ਦੇਣ ਦਾ ਹਾਮਾਨ ਦਾ ਵਾਅਦਾ ਉਹਦੇ ਆਪਣੇ ਬੈਂਕ ਖਾਤੇ ਵਿੱਚੋਂ ਨਹੀਂ ਦਿੱਤਾ ਜਾਣਾ ਸੀ ਬਲਕਿ ਇਹ ਯਹੂਦੀਆਂ ਉੱਤੇ ਹਮਲਾ ਕਰਕੇ ਉਨ੍ਹਾਂ ਦੇ ਕਤਲ ਹੋਣ ਤੋਂ ਬਾਅਦ ਉਨ੍ਹਾਂ ਤੋਂ ਲੁੱਟਿਆ ਜਾਣਾ ਸੀ। ਫਿਰ ਵੀ, ਇਹ ਵੱਡੀ ਰਕਮ ਇਹ ਸੰਕੇਤ ਦਿੰਦੀ ਹੋਣੀ ਚਾਹੀਦੀ ਹੈ ਕਿ ਹਾਮਾਨ ਇਕ ਦੌਲਤਮੰਦ ਆਦਮੀ ਸੀ (ਵੇਖੋ 5:11); ''ਜੇ ਉਹਦੇ ਕੋਲ ਪਹਿਲਾਂ ਹੀ ਐਨਾ ਬੰਦੋਬਸਤ ਨਾ ਹੁੰਦਾ ਤਾਂ ਉਹਦੀ ਪੇਸ਼ਕਸ਼ ਹਾਸੋਹੀਣੀ ਹੋਣੀ ਸੀ।''[13] ਦੌਲਤ, ਉਨ੍ਹਾਂ ਵੱਲੋਂ ਜਿਨ੍ਹਾਂ ਨੇ ਖੂਨੀ ਕਾਂਡ ਕਰਨਾ ਸੀ, ਲੈ ਕੇ **ਸ਼ਾਹੀ ਗੰਜ** ਵਿਚ ਦੇ ਦਿੱਤੀ ਜਾਣੀ ਸੀ।

ਇਸ ਪੇਸ਼ਕਸ਼ ਤੋਂ ਦੋ ਗੱਲਾਂ ਸਾਫ਼ ਪਤਾ ਲਗਦੀਆਂ ਹਨ। (1) ਘੱਟੋ–ਘੱਟ ਕੁਝ ਯਹੂਦੀ ਜਿਨ੍ਹਾਂ ਉੱਤੇ ਹਮਲਾ ਹੋਣਾ ਸੀ, ਸਰਦੇ ਪੁੱਜਦੇ ਸਨ। ਉਨ੍ਹਾਂ ਬਾਰੇ ਕਿਹਾ ਜਾਂਦਾ ਹੋਵੇਗਾ ਕਿ ਉਹ ਦੌਲਤਮੰਦ ਹਨ; ਨਹੀਂ ਤਾਂ ਹਾਮਾਨ ਐਨੀ ਦਲੇਰੀ ਨਾਲ ਰਿਸ਼ਵਤ ਦੇਣ ਦੀ ਪੇਸ਼ਕਸ਼ ਨਹੀਂ ਕਰ ਸਕਦਾ ਸੀ। (2) ਹਾਮਾਨ ਨੂੰ ਇਸ ਗੱਲ ਦਾ ਪਤਾ ਸੀ ਕਿ ਬਾਦਸ਼ਾਹ ਚਾਂਦੀ ਦਿੱਤੇ ਜਾਣ ਦੀ ਪੇਸ਼ਕਸ਼ ਨਾਲ ਪ੍ਰਭਾਵਿਤ ਹੋ ਸਕਦਾ ਹੈ। ਇਸ ਸੌਦੇ ਵਿਚ ਕਿਸੇ ਦਾ ਵੀ ਇਰਾਦਾ ਨੇਕ ਨਹੀਂ ਸੀ। ਹਾਮਾਨ ਘਮੰਡ, ਨਫ਼ਰਤ ਅਤੇ ਬਦਲਾ ਲੈਣ ਤੋਂ ਪ੍ਰੇਰਿਤ ਸੀ; ਪਰ ਉਸ ਨੇ ਬਾਦਸ਼ਾਹ ਨੂੰ ਇਹ ਯਕੀਨ ਦੁਆਉਣ ਦੀ ਕੋਸ਼ਿਸ਼ ਕੀਤੀ ਕਿ ਉਹ ਸਿਰਫ਼ ਰਾਜ ਦੀ ਭਲਾਈ ਦਾ ਹੀ ਸੋਚਦਾ ਹੈ। ਬਾਦਸ਼ਾਹ ਨੂੰ ਲਗਦਾ ਹੋਵੇਗਾ ਕਿ ਦੂਸਰੇ ਲੋਕ ਇਹ ਸੋਚਦੇ ਕਿ ਉਹਨੂੰ ਸਲਤਨਤ ਦੀ ਭਲਿਆਈ ਦੀ ਹੀ ਚਿੰਤਾ ਸੀ, ਪਰ ਇਹਦੇ ਵਿਚ ਉਹਨੂੰ ਆਪਣਾ ਲਾਲਚ ਸੀ, ਕਿ ਉਹਨੂੰ ਕਮਾਈ ਹੋਵੇਗੀ। ਅਤੇ ਹਾਮਾਨ ਨੂੰ ਇਹ ਗੱਲ ਪਤਾ ਸੀ।

**ਆਇਤ 10.** ''ਚਾਂਦੀ ਦੇ ਦਸ ਹਜ਼ਾਰ ਤੋੜਿਆਂ'' ਦੀ ਗੱਲ ਸੁਣਨ ਤੋਂ ਬਾਅਦ **ਪਾਤਸ਼ਾਹ** ਮੰਨ ਗਿਆ। ਉਹਨੇ ਆਪਣੇ ਇਖ਼ਤਿਆਰ ਦਾ ਪ੍ਰਤੀਕ **ਮੋਹਰ ਆਪਣੇ ਹੱਥੋਂ ਲਾਹ ਕੇ ਹਾਮਾਨ ਨੂੰ ਦੇ ਦਿੱਤੀ**। ਮੋਹਰ ਆਪਣੇ ਕਬਜ਼ੇ ਵਿਚ ਆ ਜਾਣ ਤੇ, ਹਾਮਾਨ ਬਾਦਸ਼ਾਹ ਦੇ ਇਖ਼ਤਿਆਰ ਨਾਲ ਜੋ ਚਾਹੁੰਦਾ ਉਹ ਕਰ ਸਕਦਾ ਸੀ। ਐੱਫ਼. ਬੀ. ਹੁਏ, ਜੂਨੀਅਰ ਨੇ ਕਿਹਾ ਹੈ, ''ਮੋਹਰ ਵਾਲੀ ਅੰਗੂਠੀ ਸ਼ਾਹੀ ਇਖ਼ਤਿਆਰ ਦਾ ਪ੍ਰਤੀਕ ਸੀ ਅਤੇ ਪੁਰਾਣੇ ਜ਼ਮਾਨੇ ਵਿਚ ਸਰਕਾਰੀ ਦਸਤਾਵੇਜ਼ਾਂ ਉੱਤੇ ਮੋਹਰ ਲਾਉਣ ਲਈ ਹੱਥ ਨਾਲ ਹਸਤਾਖਰ ਕਰਨ ਦੀ ਬਜਾਇ ਇਸੇ ਦੀ ਵਰਤੋਂ ਕੀਤੀ ਜਾਂਦੀ ਸੀ।''[14] 3:1 ਵਾਲੇ ਸ਼ਬਦਾਂ ਦੀ ਵਰਤੋਂ ਕਰਦਿਆਂ ਲੇਖਕ ਨੇ ਫੇਰ ਹਾਮਾਨ ਦੇ **ਅਗਾਗੀ ਹਮਦਾਥਾ ਦੇ ਪੁੱਤਰ** ਹੋਣ ਦੀ ਗੱਲ ਕੀਤੀ; ਪਰ ਇਸ ਵਾਰ ਉਸ ਨੇ **ਯਹੂਦੀਆਂ ਦੇ ਵੈਰੀ** ਸ਼ਬਦ ਜੋੜ ਦਿੱਤੇ।

**ਆਇਤ 11. ਪਾਤਸ਼ਾਹ** ਨੇ **ਹਾਮਾਨ** ਨੂੰ ਦੱਸਿਆ ਕਿ ਉਹ ਪੈਸਾ ਆਪਣੇ ਕੋਲ ਰੱਖ ਸਕਦਾ ਹੈ। ਸੰਭਵ ਤੌਰ ਤੇ ਪੇਸ਼ਕਸ਼ ਦਾ ਇਨਕਾਰ ਕਰਨ ਵੇਲੇ ਉਹ ਈਮਾਨਦਾਰ ਨਹੀਂ ਸੀ। ਇਸ ਦੇ ਉਲਟ ਉਹ ਸੌਦੇਬਾਜ਼ੀ ਦੀ ਸੱਭਿਆਚਾਰਕ ਤਕਨੀਕ ਵਰਤ ਰਿਹਾ ਸੀ। ਉਸ ਨੇ ਆਖਿਆ, **ਚਾਂਦੀ ਤੈਨੂੰ ਬਖ਼ਸ਼ੀ ਗਈ** (ਮੂਲ ਵਿਚ ''ਚਾਂਦੀ ਤੈਨੂੰ ਦੇ ਦਿੱਤੀ ਗਈ''),[15] ਪਰ ਉਹਦੇ ਲਹਿਜ਼ੇ ਤੋਂ ਹਾਮਾਨ ਨੂੰ ਪਤਾ ਲਗ ਗਿਆ ਹੋਵੇਗਾ ਕਿ ਸ਼ਾਹੀ ਖ਼ਜ਼ਾਨੇ ਵਿਚ ਚਾਂਦੀ ਜਮ੍ਹਾ ਕਰਾਉਣਾ ਉਹ ਨੂੰ ਚੰਗਾ ਲੱਗੇਗਾ।[16] ਕੈਰੀ ਏ. ਮੂਰ ਦਾ ਵਿਚਾਰ ਸੀ ਕਿ ''ਸੰਭਵ ਤੌਰ ਤੇ ਮਕਪੇਲਾ ਦੇ ਖੇਤ ਲਈ ਅਬਰਾਹਾਮ ਦੇ ਅਫ਼ਰੋਨ ਨਾਲ ਸੌਦੇਬਾਜ਼ੀ ਕਰਨ ਵਰਗਾ ਕੁਝ ਕਰਕੇ ਹਾਮਾਨ ਨਾਲ ਸੌਦਾ ਕਰਦੇ ਹੋਏ, ਬਾਦਸ਼ਾਹ ਨੇ ਉਸ ਰਕਮ ਨੂੰ ਕਬੂਲ ਕਰ ਲਿਆ [ਉਤਪਤ 23:7–18]।''[17]

ਬਾਦਸ਼ਾਹ ਨੇ ਇਹ ਵੀ ਆਖਿਆ ਕਿ ਹਾਮਾਨ **ਲੋਕਾਂ** (ਯਹੂਦੀਆਂ) ਨਾਲ ਜਿਵੇਂ ਚਾਹੇ ਸਲੂਕ ਕਰ ਸਕਦਾ ਹੈ। ਹਾਮਾਨ ਦਾ ਮਕਸਦ ਪੂਰਾ ਹੋ ਗਿਆ ਸੀ। ਬਾਦਸ਼ਾਹ ਦੇ ਇਖ਼ਤਿਆਰ ਨਾਲ ਉਹ ਸਲਤਨਤ ਦੇ ਸਭ ਯਹੂਦੀਆਂ ਨੂੰ ਖ਼ਤਮ ਕਰ ਸਕਦਾ ਸੀ।

## **ਹਾਮਾਨ ਦਾ ਐਲਾਨ** (3:12-15)

**[12]ਤਾਂ ਪਾਤਸ਼ਾਹ ਦੇ ਲਿਖਾਰੀ ਪਹਿਲੇ ਮਹੀਨੇ ਦੀ ਤੇਰਵੀਂ ਤਾਰੀਖ ਨੂੰ ਸੱਦੇ ਗਏ ਅਰ ਜੋ ਕੁਝ ਹਾਮਾਨ ਨੇ ਪਾਤਸ਼ਾਹ ਦੇ ਮਨਸਬਦਾਰਾਂ ਤੇ ਨੈਬ-ਮਨਸਬਦਾਰਾਂ ਲਈ ਜਿਹੜੇ ਸੂਬੇ ਸੂਬੇ ਉੱਤੇ ਸਨ ਅਤੇ ਸਰਦਾਰਾਂ ਲਈ ਜਿਹੜੇ ਸੂਬੇ ਸੂਬੇ ਦੀਆਂ ਉੱਮਤਾਂ ਉੱਤੇ ਸਨ ਹੁਕਮ ਦਿੱਤਾ ਸੀ ਉਹ ਸੂਬੇ ਸੂਬੇ ਦੀ ਲਿਖਤ ਵਿਚ ਅਤੇ ਉਮਤ ਉਮਤ ਦੀ ਬੋਲੀ ਵਿਚ ਅਹਸ਼ਵੇਰੋਸ਼ ਪਾਤਸ਼ਾਹ ਦੇ ਨਾਉਂ ਉੱਤੇ ਲਿਖਿਆ ਗਿਆ ਅਤੇ ਉਹ ਦੇ ਉੱਤੇ ਪਾਤਸ਼ਾਹ ਦੀ ਮੋਹਰ ਠਾਪ ਦਿੱਤੀ [13]ਅਤੇ ਇਹ ਚਿੱਠੀਆਂ ਡਾਕੀਆਂ ਦੇ ਰਾਹੀਂ ਪਾਤਸ਼ਾਹ ਦੇ ਸਾਰੇ ਸੂਬਿਆਂ ਨੂੰ ਘੱਲੀਆ ਗਈਆਂ ਕਿ ਸਾਰੇ ਯਹੂਦੀ ਬਾਰਵੇਂ ਮਹੀਨੇ ਅਰਥਾਤ ਅਦਾਰ ਮਹੀਨੇ ਦੀ ਤੇਰਵੀਂ ਤਾਰੀਖ ਨੂੰ ਕੀ ਜੁਆਨ ਕੀ ਬੁੱਢਾ ਕੀ ਬੱਚਾ ਕੀ ਤੀਵੀਂ ਇੱਕੋ ਹੀ ਦਿਨ ਵਿਚ ਨਾਸ਼ ਕੀਤੇ ਜਾਣ ਅਰ ਵੱਢ ਸੁੱਟੇ ਜਾਣ ਅਰ ਮਿਟਾ ਦਿੱਤੇ ਜਾਣ ਅਰ ਉਨ੍ਹਾਂ ਦਾ ਮਾਲ ਧਨ ਲੁੱਟਿਆ ਜਾਵੇ [14]ਦਿੱਤੇ ਹੋਏ ਸ਼ਾਹੀ ਹੁਕਮ ਅਨੁਸਾਰ ਇਸ ਲਿਖਤ ਦੀ ਇਕ ਇਕ ਨਕਲ ਸਾਰਿਆਂ ਸੂਬਿਆਂ ਲਈ ਦਿੱਤੀ ਜਾਵੇ ਅਤੇ ਸਾਰਿਆਂ ਲੋਕਾਂ ਵਿਚ ਉਸ ਦਾ ਪ੍ਰਚਾਰ ਕੀਤਾ ਜਾਵੇ ਤਾਂ ਜੋ ਉਸ ਦਿਨ ਲਈ ਤਿਆਰ ਰਹਿਣ [15]ਪਾਤਸ਼ਾਹ ਦੇ ਹੁਕਮ ਦੇ ਅਨੁਸਾਰ ਡਾਕੀਏ ਝੱਟ ਪੱਟ ਤੁਰ ਗਏ ਅਤੇ ਇਹ ਹੁਕਮ ਸ਼ੂਸ਼ਨ ਦੀ ਰਾਜਧਾਨੀ ਵਿਚ ਵੀ ਦਿੱਤਾ ਗਿਆ ਅਤੇ ਪਾਤਸ਼ਾਹ ਅਰ ਹਾਮਾਨ ਨਸ਼ਾ ਪੀਣ ਲਈ ਬੈਠ ਗਏ ਪਰ ਸ਼ੂਸ਼ਨ ਦਾ ਸ਼ਹਿਰ ਧਾਹਾਂ ਮਾਰ ਰਿਹਾ ਸੀ।**

ਅਧਿਆਇ ਇਹ ਦੱਸਦੇ ਹੋਏ ਖ਼ਤਮ ਹੁੰਦਾ ਹੈ ਕਿ ਬਾਦਸ਼ਾਹ ਦਾ ਹੁਕਮ ਕਿਵੇਂ ਛਪਿਆ ਅਤੇ ਪੂਰੇ ਰਾਜ ਵਿਚ ਘੱਲਿਆ ਗਿਆ।

**ਆਇਤ 12. ਪਹਿਲੇ ਮਹੀਨੇ ਦੀ ਤੇਰਵੀਂ ਤਾਰੀਖ** (ਨੀਸਾਨ, ਜਾਂ ਮਾਰਚ/ਅਪ੍ਰੈਲ), ਹੁਕਮ ਨੂੰ ਲਿਖਤੀ ਰੂਪ ਦੇਣ ਲਈ **ਪਾਤਸ਼ਾਹ ਦੇ ਲਿਖਾਰੀ ਸੱਦੇ ਗਏ।** ਹਾਮਾਨ ਦੇ ਯਹੂਦੀਆਂ ਦਾ ਕਤਲੇਆਮ ਕਰਨ ਦੇ ਇਰਾਦੇ ਵਾਲੇ ਤਰੀਕੇ ਨਾਲੋਂ ਗਿਆਰਾਂ ਮਹੀਨੇ ਪਹਿਲਾਂ ਦੀ ਗੱਲ ਹੈ (3:13)।

ਇਹ ਹੁਕਮ ਸਲਤਨਤ ਦੇ ਵੱਡੇ ਤੋਂ ਲੈ ਕੇ (**ਪਾਤਸ਼ਾਹ ਦੇ ਮਨਸਬਦਾਰਾਂ**) ਛੋਟੇ ਤਕ ਸਭ ਦੇ ਨਾਂਅ ਸੀ। ਇਸ ਹੁਕਮ ਉੱਤੇ ਦੋ ਗੱਲਾਂ ਉੱਤੇ ਜ਼ੋਰ ਦਿੱਤਾ ਗਿਆ। (1) ਇਹ ਪੂਰੀ ਸਲਤਨਤ ਵਿਚ ਘੱਲਿਆ ਗਿਆ ਸੀ (**ਸੂਬੇ ਸੂਬੇ** ਵਿਚ **ਸੂਬੇ ਸੂਬੇ ਦੀ ਲਿਖਤ ਵਿਚ ਅਤੇ ਉੱਮਤ ਉੱਮਤ ਦੀ ਬੋਲੀ ਵਿਚ**) ਅਤੇ ਇਸ ਕਰਕੇ ਇਹਨੇ ਹਰ ਥਾਂ ਦੇ ਸਭ ਯਹੂਦੀਆਂ ਨੂੰ ਪ੍ਰਭਾਵਿਤ ਕਰਨਾ ਸੀ। (2) ਭਾਵੇਂ ਹਾਮਾਨ ਨੇ ਲਿਖਵਾਇਆ ਸੀ ਪਰ ਇਸ ਨੂੰ ਛਾਪਿਆ ਬਾਦਸ਼ਾਹ ਦੇ **ਨਾਉਂ** ਤੇ ਗਿਆ ਸੀ ਅਤੇ ਉਹਦੀ **ਮੋਹਰ** ਲਾ ਦਿੱਤੀ ਗਈ ਸੀ। ਇਹ ਬਦਲੇ ਨਾ ਜਾ ਸਕਣ ਵਾਲੇ ਸ਼ਾਹੀ ਕਾਨੂੰਨ ਵਰਗਾ ਸਖ਼ਤ ਸੀ।

**ਆਇਤ 13.** ਹੁਕਮ ਦੀਆਂ **ਚਿੱਠੀਆਂ ਡਾਕੀਆਂ ਦੇ ਰਾਹੀਂ ਪਾਤਸ਼ਾਹ ਦੇ ਸਾਰੇ ਸੂਬਿਆਂ ਨੂੰ ਘੱਲੀਆਂ ਗਈਆਂ**। ਇਹ ਤਸਵੀਰ 1:22 ਵਿਚ ਮਿਲਣ ਵਾਲੀ ਫ਼ਾਰਸੀ ਸਲਤਨਤ ਦੇ ਪ੍ਰਭਾਵਸ਼ਾਲੀ ਡਾਕ ਸਿਸਟਮ ਨਾਲ ਮੇਲ ਖਾਂਦੀ ਹੈ, ਅਤੇ 8:10, 14 ਵਿਚ ਫੇਰ ਇਸੇ ਸਿਸਟਮ ਦੀ ਗੱਲ ਕੀਤੀ ਗਈ ਹੈ।

ਹੁਕਮ ਵਿਚ ਲਿਖੀਆਂ ਗੱਲਾਂ ਅਤੇ ਇਸ ਦੇ ਪਰਕਾਸ਼ਨ ਦਾ ਵਿਸਤਾਰ ਅੱਗੇ ਦਿੱਤਾ ਗਿਆ ਹੈ। ਨਵੇਂ ਕਾਨੂੰਨ ਵਿਚ ਕਿਹਾ ਗਿਆ ਸੀ ਕਿ **ਬਾਰਵੇਂ ਮਹੀਨੇ** *[***ਅਰਥਾਤ ਅਦਾਰ**, ਜਾਂ ਫਰਵਰੀ/ਮਾਰਚ*]*, **ਦੀ ਤੇਰਵੀਂ ਤਾਰੀਖ ਨੂੰ ਕੀ ਜੁਆਨ ਕੀ ਬੁੱਢਾ ਕੀ ਬੱਚਾ ਕੀ ਤੀਵੀਂ** ਸਭ **ਯਹੂਦੀ** ਨਾਸ ਕਰ ਦਿੱਤੇ ਜਾਣੇ ਸਨ। ਹੁਕਮ ਵਿਚ ਉਸ ਕਤਲ ਲਈ ਜਿਸਦਾ ਇਖ਼ਤਿਆਰ ਦਿੱਤਾ ਜਾ ਰਿਹਾ ਸੀ, ਤਿੰਨ ਸ਼ਬਦ ਜੋੜੇ ਗਏ ਸਨ ਕਿ ਯਹੂਦੀਆਂ ਦੇ ਦੁਸ਼ਮਣਾਂ ਨੂੰ ਉਨ੍ਹਾਂ ਨੂੰ **ਵੱਢ ਸੁੱਟੇ ਜਾਣ ਅਰ ਮਿਟਾ ਦਿੱਤੇ ਜਾਣ ਅਰ ਉਨ੍ਹਾਂ ਦਾ ਮਾਲ ਧਨ ਲੁੱਟਿਆ** ਜਾਣ ਦੀ ਇਜਾਜ਼ਤ ਹੋਣੀ ਸੀ। ਇਸ ਖ਼ਬਰ ਤੋਂ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਕੇ ਅਸਤਰ ਨੇ ਬਾਅਦ ਵਿਚ ਆਪਣੇ ਪਤੀ ਅੱਗੇ ਮਿੰਨਤ ਕਰਨੀ ਸੀ: ‘‘ਮੈਂ ਤੇ ਮੇਰੇ ਲੋਕ ਨਾਸ਼ ਹੋਣ ਲਈ ਅਰ ਵੱਢੇ ਜਾਣ ਲ਼ਈ ਅਤੇ ਮਿਟਾਏ ਜਾਣ ਲਈ ਵੇਚ ਦਿੱਤੇ ਗਏ ਹਾਂ’’ (7:4)। ਇਸ

ਤੋਂ ਇਲਾਵਾ ਯਹੂਦੀਆਂ ਦਾ ਸਮਾਨ ਲੁੱਟ ਲਿਆ ਜਾਣਾ ਸੀ; ਉਨ੍ਹਾਂ ਨੂੰ ਮਾਰ ਦੇਣ ਵਾਲਿਆਂ ਨੇ **ਮਾਲ ਧਨ ਲੁੱਟ** ਸਕਣਾ ਸੀ। ਦੌਲਤ ਮਿਲਣ ਦੀ ਸੰਭਾਵਨਾ ਨੇ ਇਸ ਤਜਵੀਜ਼ ਨੂੰ ਦਿਲਕਸ਼ ਬਣਾ ਦਿੱਤਾ।

**ਆਇਤ 14. ਸ਼ਾਹੀ ਹੁਕਮ** ਵਿਚ ਇਹ ਨਹੀਂ ਕਿਹਾ ਗਿਆ ਸੀ ਕਿ ਇਸ ਨਸ਼ਲਕੁਸ਼ੀ ਦਾ ਜ਼ਿੰਮੇਵਾਰ ਕੌਣ ਹੋਣਾ ਸੀ। ਲੇਖਕ ਨੇ ਕਿਹਾ ਕਿ ਹੁਕਮ **ਸਾਰਿਆਂ ਸੂਬਿਆਂ** ਦੇ **ਸਾਰਿਆਂ ਲੋਕਾਂ** ਲਈ ਸੀ, ਇਸ ਕਰਕੇ ਜ਼ਾਹਿਰ ਤੌਰ ਤੇ ਯਹੂਦੀਆਂ ਦੇ ਕਤਲ ਵਿਚ ਸ਼ਾਮਿਲ ਹੋਣ ਦਾ ਸੱਦਾ ਸਭ ਨੂੰ ਦਿੱਤਾ ਗਿਆ ਸੀ। ਅਧਿਆਇ 9 ਦੀਆਂ ਘਟਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਪਾਠਕ ਇਹ ਅੰਦਾਜ਼ਾ ਲਾ ਸਕਦਾ ਹੈ ਕਿ ਇਸ ਸੱਦੇ ਨੂੰ ਯਹੂਦੀਆਂ ਦੇ ਦੁਸ਼ਮਣਾਂ ਵੱਲੋਂ ਮੰਨ ਲਿਆ ਗਿਆ।

ਪੂਰੀ ਸਲਤਨਤ ਵਿਚ ਯਹੂਦੀ ਅਤੇ ਉਨ੍ਹਾਂ ਦੇ ਦੁਸ਼ਮਣ ਉਸ ਮੰਦਜਿਲਦੇ ਦਿਨ, ਅਦਾਰ ਮਹੀਨੇ ਦੀ ਤੇਰ੍ਹਵੀਂ ਤਰੀਕ ਦੇ ਆਉਣ ਲਈ ਤਿਆਰ ਸਨ, ਜੋ ਪੂਰ ਪਾ ਕੇ ਚੁਣੀ ਗਈ ਸੀ।

**ਆਇਤ 15.** ਲੇਖਕ ਰਾਜ ਦੀਆਂ ਦੂਰ ਦੂਰ ਦੀਆਂ ਹੱਦਾਂ ਤੇ ਨਜ਼ਰ ਮਾਰਨ ਤੋਂ ਬਾਅਦ, ਰਾਜਧਾਨੀ ਸ਼ੂਸ਼ਨ ਤੇ ਧਿਆਨ ਦੇਣ ਲਈ, ਵਾਪਸ ਆ ਗਿਆ। ਉੱਥੇ ਵੀ **ਪਾਤਸਾਹ** ਦਾ **ਹੁਕਮ** ਛੱਪ ਚੁਕਾ ਸੀ। ਜਿਸ ਕਰਕੇ ਲੋਕ **ਧਾਹਾਂ** ਮਾਰ ਰਹੇ ਸਨ। ਇਹ ''ਧਾਹਾਂ'' ਮਾਰਨਾ ਸ਼ਹਿਰ ਦੇ ਉੱਘੇ ਯਹੂਦੀਆਂ ਕਰਕੇ ਹੋਇਆ ਹੋਵੇਗਾ ਜਿਨ੍ਹਾਂ ਨੂੰ ਚੰਗੇ ਲੋਕ ਮੰਨਿਆ ਜਾਂਦਾ ਹੋਵੇਗਾ। ਸ਼ੂਸ਼ਨ ਦੇ ਬਾਕੀ ਦੇ ਲੋਕ ਵੀ ਹੈਰਾਨ ਹੋਏ ਹੋਣਗੇ ਕਿ ''ਇਸ ਤਰ੍ਹਾਂ ਦਾ ਹੁਕਮ ਕਿਉਂ ਜਾਰੀ ਕੀਤਾ ਗਿਆ?''

ਵਿਰਤਾਂਤ ਇਕ ਸਨਕ ਨਾਲ ਖ਼ਤਮ ਹੁੰਦਾ ਹੈ। ਸ਼ਹਿਰ ਦੇ ਬਾਕੀ ਲੋਕ ਭਾਵੇਂ ਧਾਹਾਂ ਮਾਰ ਰਹੇ ਸਨ, ਪਰ **ਪਾਤਸ਼ਾਹ ਅਰ ਹਾਮਾਨ** ਮਜ਼ੇ ਨਾਲ ਮਹਿਲ ਵਿਚ ਸ਼ਰਾਬ ਦੇ ਨਸ਼ੇ ਵਿਚ ਮਸਤ ਸਨ। ਇੱਥੇ ਉਨ੍ਹਾਂ ਦੀ ਦੋਸਤੀ ਉਸ ਦੇ ਬਿਲਕੁਲ ਉਲਟ ਹੈ ਜੋ ਕਹਾਣੀ ਦੇ ਅਖ਼ੀਰ ਵਿਚ ਉਨ੍ਹਾਂ ਦੇ ਵਿਚਕਾਰ ਹੋਣ ਵਾਲਾ ਸੀ।

## ਪ੍ਰਾਸੰਗਿਕਤਾ

**ਖ਼ੁਦਾ ਦਾ ਰੱਬੀ ਇੰਤਜ਼ਾਮ (ਅਧਿਆਇ 3)**

ਅਸਤਰ ਦੀ ਕਿਤਾਬ ਵਿਚ ਯਹੂਦੀ ਲੋਕ ਸਰਬਨਾਸ਼ ਲਈ ਨਾਮਜ਼ਦ ਕੀਤੇ ਗਏ ਸਨ। ਰਹੱਸਮਈ ਨਾਵਲ ਜਾਂ ਨਾਟਕ ਦੀ ਭਾਸ਼ਾ ਦੀ ਵਰਤੋਂ ਕਰਦਿਆਂ, ਕੋਈ ਪੁੱਛ ਸਕਦਾ ਹੈ, ''ਕਿਸ ਨੇ ਕੀਤਾ?'' ਉਨ੍ਹਾਂ ਨੂੰ ਬਰਬਾਦੀ ਦੇ ਕੰਢੇ ਤੇ ਲਿਆਉਣ ਲਈ ਕੌਣ ਜ਼ਿੰਮੇਵਾਰ ਸੀ? ਇਸ ਸਵਾਲ ਦਾ ਜਵਾਬ ਕਈ ਤਰੀਕਿਆਂ ਨਾਲ ਦਿੱਤਾ ਜਾ ਸਕਦਾ ਹੈ। ਬੇਸ਼ੱਕ ਹਾਮਾਨ ਨੇ ਹੀ ਇਹ ਕੀਤਾ, ਅਤੇ ਉਹੀ ਜ਼ਿੰਮੇਵਾਰ ਸੀ, ਇਸ ਗੱਲ ਵਿਚ ਕਿ ਉਹੀ ਉਹ ਸ਼ਖ਼ਸ ਸੀ ਜਿਹੜਾ ਮਾਰਦਕਈ ਵੱਲੋਂ ਉਹਦੀ ਇੱਜ਼ਤ ਨਾ ਕੀਤੇ ਜਾਣ ਤੇ ਐਨਾ ਖਫ਼ਾ ਹੋਇਆ ਕਿ ਉਸ ਨੇ ਮਾਰਦਕਈ ਦੇ ਸਭ ਲੋਕਾਂ ਭਾਵ ਯਹੂਦੀਆਂ ਨੂੰ ਕਤਲ ਕਰ ਸੁੱਟਣ ਦਾ ਤਰੀਕਾ ਲੱਭਣ ਦੀ ਸਕੀਮ ਬਣਾਈ।

ਇਸ ਤੋਂ ਇਵਾਲਾ, ਅਹਸ਼ਵੇਰੋਸ਼ ਨੇ ਹੀ ਕੀਤਾ, ਭਾਵੇਂ ਉਹ ਦੋਸ਼ੀ ਨਾ ਗਿਣਿਆ ਜਾਣਾ ਚਾਹੁੰਦਾ ਹੋਵੇ। ਉਸ ਨੇ ਆਪਣੇ ਆਪ ਨੂੰ ਜਾਲ ਵਿਚ ਫਸਾਇਆ। ਹਾਮਾਨ ਨੂੰ ਮੋਹਰ ਵਾਲੀ ਅੰਗੂਠੀ ਮਿਲ ਜਾਣ ਤੋਂ ਬਾਅਦ, ਉਸ ਨੂੰ ਲੋਕਾਂ ਨਾਲ ਜੋ ਚਾਹੇ ਕਰਨ ਦਾ ਇਖ਼ਤਿਆਰ ਸੀ। ਬਾਦਸ਼ਾਹ ਨੂੰ ਐਨਾ ਭੋਲਾ ਨਹੀਂ ਹੋਣਾ ਚਾਹੀਦਾ ਸੀ; ਉਹ ਹਾਲਾਤ ਦਾ ਜਾਇਜ਼ਾ ਲਵਾ ਕੇ ਹਾਮਾਨ ਉੱਤੇ ਭਰੋਸਾ ਕਰਨ ਦੀ ਬਜਾਇ, ਸਚਿਆਈ ਦਾ ਪਤਾ ਲਾ ਸਕਦਾ ਸੀ।

ਇਸ ਤੋਂ ਇਲਾਵਾ, ਬਾਦਸ਼ਾਹ ਦੇ ਨੌਕਰਾਂ ਨੇ ਕੀ ਕੀਤਾ। ਹਾਮਾਨ ਨੇ ਮਾਰਦਕਈ ਦੀ ਗੁਸਤਾਖ਼ੀ ਵੱਲ ਧਿਆਨ ਵੀ ਨਹੀਂ ਦਿੱਤਾ ਜਦ ਤਕ ਉਨ੍ਹਾਂ ਨੇ ਉਹਦੇ ਧਿਆਨ ਵਿਚ ਲਿਆਂਦਾ ਨਹੀਂ। ਇਸ ਵਿਚ ਅਸਲ ਵਿਚ ਉਨ੍ਹਾਂ ਦਾ ਕੋਈ ਲੈਣ ਦੇਣ ਨਹੀਂ ਸੀ। ਜੇ ਉਹ ਚੁਗਲਖੋਰ ਨਾ ਹੁੰਦੇ ਤਾਂ ਮਾਰਦਕਈ ਨੇ ਹਾਮਾਨ ਦੇ ਧਿਆਨ ਵਿਚ ਵੀ ਨਹੀਂ ਆਉਣਾ ਸੀ ਅਤੇ ਯਹੂਦੀਆਂ ਨੇ ਕਦੇ ਖ਼ਤਰੇ ਵਿਚ ਨਹੀਂ ਪੈਣਾ ਸੀ।

ਇਕ ਅਰਥ ਵਿਚ, ਮਾਰਦਕਈ ਨੇ ਹੀ ਇਹ ਕੀਤਾ। ਉਹ ਖ਼ੁਦਾ ਦੀ ਸ਼ਰ੍ਹਾ ਨੂੰ ਤੋੜੇ ਬਗ਼ੈਰ ਹਾਮਾਨ ਦੇ ਪ੍ਰਤੀ ਇੱਜ਼ਤ ਨਾਲ ਵਿਹਾਰ ਕਰ ਸਕਦਾ ਸੀ। ਇਕ ਅਰਥ ਵਿਚ ਆਪਣੇ ਅਤੇ ਆਪਣੇ ਲੋਕਾਂ ਦੇ ਖ਼ਤਰੇ ਲਈ ਉਹੀ ਜ਼ਿੰਮੇਵਾਰ ਸੀ। ਇਨ੍ਹਾਂ ਇਕ ਤੋਂ ਇਕ ਘਟਨਾਵਾਂ ਤੋਂ ਸਾਨੂੰ ਕੀ ਨਿਚੋੜ ਕੱਢਣਾ ਚਾਹੀਦਾ ਹੈ ਕਿ ਕੌਣ ਜ਼ਿੰਮੇਵਾਰ ਸੀ? ਜਵਾਬ ਹੈ ''ਇਹ ਸਭ ਲੋਕ!'' ਖ਼ੁਦਾ ਦੇ ਰੱਬੀ ਇੰਤਜ਼ਾਮ ਵਿਚ ਖ਼ੁਦਾ ਦੀ ਇੱਛਾ ਮੁਤਾਬਕ ਫਲ ਦੇਣ ਲਈ ਸਭ ਵੱਖੋ-ਵੱਖ ਤੱਥਾਂ ਨੇ ਰਲ ਕੇ ਕੰਮ ਕੀਤਾ।

ਪਾਠਕ ਨੂੰ ਮਿਸਰ ਵਿਚ ਯੂਸੁਫ਼ ਦੇ ਮਾਮਲੇ ਦੀ ਯਾਦ ਦੁਆਈ ਜਾਂਦੀ ਹੈ। ਇਕ ਸਾਬਕਾ ਗੁਲਾਮ ਯੂਸੁਫ਼ ਮਿਸਰ ਦਾ ਪ੍ਰਧਾਨ ਮੰਤਰੀ ਬਣ ਗਿਆ; ਫਿਰ ਯਾਕੂਬ ਅਤੇ ਉਸ ਦਾ ਪਰਿਵਾਰ ਮਿਸਰ ਵਿਚ ਚਲੇ ਗਏ। ਯਾਕੂਬ ਦੀ ਮੌਤ ਤੋਂ ਬਾਅਦ, ਯੂਸੁਫ਼ ਦੇ ਭਰਾ ਡਰਦੇ ਸਨ ਕਿ ਉਹ ਉਨ੍ਹਾਂ ਤੋਂ ਬਦਲਾ ਲਵੇਗਾ। ਯੂਸੁਫ਼ ਨੇ ਆਖਿਆ, ''ਨਾ ਡਰੋ। ਭਲਾ, ਮੈਂ ਪਰਮੇਸ਼ੁਰ ਦੇ ਥਾਂ ਹਾਂ? ਤੁਸੀਂ ਤਾਂ ਮੇਰੇ ਵਿਰੁੱਧ ਬੁਰਿਆਈ ਦਾ ਦਾਈਆ ਕੀਤਾ ਪਰ ਪਰਮੇਸ਼ੁਰ ਨੇ ਉਸ ਨੂੰ ਭਲਿਆਈ ਦਾ ਦਾਈਆ ਬਣਾਇਆ ਤਾਂ ਜੋ ਬਹੁਤ ਸਾਰੇ ਲੋਕਾਂ ਨੂੰ ਜੀਉਂਦਾ ਰੱਖੇ ਜਿਵੇਂ ਇਸ ਵੇਲੇ ਹੋਇਆ ਹੈ'' (ਉਤਪਤ 50:19, 20)। ਜੋ ਕੁਝ ਹੋਇਆ ਉਸ ਵਿਚ ਸ਼ਾਮਿਲ ਸਭ ਲੋਕਾਂ ਉੱਤੇ ਵਿਚਾਰ ਕਰਨਾ ਹੈਰਾਨ ਕਰਨ ਵਾਲਾ ਹੈ। ਇਕ ਪਿਤਾ ਦਾ ਦੁੱਖਦਾਈ ਪੱਖਪਾਤ, ਆਪਣੇ ਆਪ ਬਾਰੇ ਸੇਖ਼ੀ ਮਾਰਨ ਦੀ ਯੂਸੁਫ਼ ਦੀ ਸਮਝ ਦੀ ਘਾਟ, ਭਰਾਵਾਂ ਦਾ ਵੈਰ ਅਤੇ ਯੂਸੁਫ਼ ਨੂੰ ਗੁਲਾਮੀ ਵਿਚ ਵੇਚ ਦਿੱਤੇ ਜਾਣ ਦਾ ਪਾਪ। ਪੋਤੀਫ਼ਰ ਦੀ ਪਤਨੀ ਦੀ ਵਾਸਨਾ ਅਤੇ ਝੂਠ, ਸੁਪਨਿਆਂ ਦਾ ਅਰਥ ਅਤੇ ਉਨ੍ਹਾਂ ਦਾ ਪੂਰਾ ਹੋਣਾ, ਸਾਕੀ ਦੀ ਲਾਪਰਵਾਹੀ, ''ਕੁਦਰਤੀ'' ਖੁਸ਼ਹਾਲੀ (ਬਹੁਤਾਇਤ ਦੇ ਸੱਤ ਸਾਲ) ਅਤੇ ''ਕੁਦਰਤੀ'' ਆਫ਼ਤ (ਸੋਕੇ ਦੇ ਸੱਤ ਸਾਲ) ਅਤੇ ਖ਼ੁਦਾ ਨਾਲ ਯੂਸੁਫ਼ ਦੀ ਆਪਣੀ ਵਫ਼ਾਦਾਰੀ। ਯਹੂਦੀਆਂ ਨੂੰ ਮਿਸਰ ਵਿਚ ਲਿਆਉਣ ਅਤੇ ਉਨ੍ਹਾਂ ਦੇ ਛੁਟਕਾਰੇ ਦਾ ਰਾਹ ਤਿਆਰ ਕਰਨ ਅਤੇ ਉਨ੍ਹਾਂ ਦੇ ਖ਼ੁਦਾ ਦੇ ਚੁਣੇ ਹੋਏ ਲੋਕ ਬਣਨ ਲਈ ਖ਼ੁਦਾ ਦੇ ਰੱਬੀ ਇੰਤਜ਼ਾਮ ਵਿਚ ਇਹ ਸਭ ਗੱਲਾਂ ਰਲ਼ ਗਈਆਂ। ਕਿਹ ਨੇ ਕੀਤਾ? ਖ਼ੁਦਾ ਨੇ, ਯੂਸੁਫ਼ ਦੇ ਮਾਮਲੇ ਵਿਚ ਭਲਿਆਈ ਨੂੰ ਲਿਆਉਣ ਲਈ ਸਭਨਾਂ ਗੱਲਾਂ ਨੇ ਰਲ਼ ਕੇ ਕੰਮ ਕੀਤਾ (ਵੇਖੋ ਰੋਮੀਆਂ 8:28)।

ਮਾਰਦਕਈ ਅਤੇ ਅਸਤਰ ਦੇ ਮਾਮਲੇ ਵਿਚ ਸਾਨੂੰ ਅਜੇ ਵੀ ਹੈਰਾਨੀ ਹੋ ਸਕਦੀ ਹੈ ਕਿ ਜੇ ਖ਼ੁਦਾ ਯਹੂਦੀਆਂ ਨੂੰ ਬਚਾਉਣਾ ਚਾਹੁੰਦਾ ਸੀ ਤਾਂ ਉਸ ਨੇ ਇਨ੍ਹਾਂ ਸਭ ਮੁਸ਼ਕਿਲਾਂ ਨੂੰ ਹੋਣ ਤੋਂ ਰੋਕ ਕਿਉਂ ਨਹੀਂ ਦਿੱਤਾ? ਅਸੀਂ ਖੁਦਾ ਦੇ ਦਿਮਾਗ ਨੂੰ ਨਹੀਂ ਜਾਣਦੇ, ਇਸ ਕਰਕੇ ਪੱਕੇ ਯਕੀਨ ਨਾਲ ਅਸੀਂ ਜਵਾਬ ਵੀ ਨਹੀਂ ਦੇ ਸਕਦੇ। ਸੰਭਵ ਹੈ ਕਿ ਖ਼ੁਦਾ ਸਿਰਫ਼ ਯਹੂਦੀਆਂ ਨੂੰ ਹੀ ਬਰਬਾਦੀ ਤੋਂ ਨਹੀਂ ਬਚਾਉਣਾ ਚਾਹੁੰਦਾ ਸੀ। ਉਹ ਉਨ੍ਹਾਂ ਨੂੰ ਉੱਚੇ ਕੀਤੇ ਗਏ ਵੇਖਣਾ ਚਾਹੁੰਦਾ ਸੀ। ਭਾਵ ਇਹ ਕਿ ਅਸਲ ਵਿਚ ਅਸਤਰ ਵਿਚ ਦੱਸੀ ਕਹਾਣੀ ਦਾ ਨਤੀਜਾ ਇਹੀ ਹੋਇਆ। ਯਹੂਦੀ ਲੋਕ ਨਾ ਸਿਰਫ਼ ਖ਼ਤਮ ਹੋਣ ਤੋਂ ਬਚੇ ਬਲਕਿ ਉਹ ਪਹਿਲਾਂ ਨਾਲੋਂ ਕਿਤੇ ਚੰਗੀ ਹਾਲਤ ਵਿਚ ਹੋ ਗਏ! ਸ਼ਾਇਦ ਇਹੀ ਜਵਾਬ ਹੈ ਕਿ ਖ਼ੁਦਾ ਨੇ ਇਹ ਕਿਉਂ ਹੋਣ ਦਿੱਤਾ।

**ਹਾਮਾਨ ਦਾ ਪਾਪ** (ਅਧਿਆਇ 3)

ਹਾਮਾਨ ਤੋਂ ਪਾਪ ਅਤੇ ਇਸ ਦੇ ਨਤੀਜਿਆਂ ਦੀ ਉਦਾਹਰਣ ਮਿਲਦੀ ਹੈ।

*ਘਮੰਡ ਅਤੇ ਇਸ ਦਾ ਨਤੀਜਾ।* ਹਾਮਾਨ ਦੇ ਘਮੰਡ ਨੇ ਉਸ ਨੂੰ ਯਹੂਦੀਆਂ ਦੇ ਖ਼ਾਤਮੇ ਦਾ ਇੰਤਜ਼ਾਮ ਕਰਨ ਲਈ ਪ੍ਰੇਰਿਆ, ਪਰ ਅਖ਼ੀਰ ਇਹ ਉਹਦੇ ਆਪਣੇ ਹੀ ਖਾਤਮੇ ਦਾ ਕਾਰਣ ਬਣ ਗਿਆ। ਘਮੰਡ (ਜਾਂ ਹੰਕਾਰ) ਹਮੇਸ਼ਾ ਪਾਪ ਨਾਲ ਭਰਿਆ ਹੁੰਦਾ ਹੈ। ਕਹਾਉਤਾਂ 6:16, 17 ਵਿਚ ਇਸ ਨੂੰ ਉਨ੍ਹਾਂ ਸੱਤਾਂ ਪਾਪਾਂ ਵਿੱਚੋਂ ਪਹਿਲਾਂ ਪਾਪ ਦੱਸਿਆ ਗਿਆ ਹੈ, ਜਿਨ੍ਹਾਂ ਨਾਲ ''ਯਹੋਵਾਹ ਵੈਰ ਰਖਦਾ ਹੈ'' (ਵੇਖੋ ਰੋਮੀਆਂ 1:30; 12:3; 1 ਕੁਰਿੰਥੀਆਂ 13:4; ਯਾਕੂਬ 4:6)। ਅਸੀਂ ਪੜ੍ਹਦੇ ਹਾਂ, ''ਹਰੇਕ ਜਿਹਦੇ ਮਨ ਵਿਚ ਹੰਕਾਰ ਹੈ ਉਸ ਤੋਂ ਯਹੋਵਾਹ ਨੂੰ ਘਿਣ ਆਉਂਦੀ ਹੈ, ਪੱਕ ਮੰਨੋ ਉਹ

ਬਿਨਾਂ ਡਨ ਨਾ ਛੁੱਟੇਗਾ'' (ਕਹਾਉਤਾਂ 16:5)। ਘਮੰਡ ਦੇ ਨਤੀਜੇ ਨੁਕਸਾਨਦਾਇਕ ਹਨ। ਅਜਿਹਾ ਵਿਹਾਰ ਵਿਖਾਉਣ ਵਾਲੇ ਲੋਕ ਅਪਮਾਨ ਅਤੇ ਬਰਬਾਦੀ ਨੂੰ ਵੇਖਣਗੇ (ਕਹਾਉਤਾਂ 11:2; 16:18)।

*ਲੋੜ ਤੋਂ ਵੱਧ ਪ੍ਰਤੀਕਿਰਿਆ ਕਰਨ ਦੇ ਦਰਦਨਾਕ ਨਤੀਜੇ।* ਮਾਰਦਕਈ ਦੀ ਨਾਫ਼ਰਮਾਨੀ ਨਾਲ ਜਿੰਨੀ ਕੁ ਬੇਇੱਜ਼ਤੀ ਮਾਰਦਕਈ ਦੀ ਹੋਈ ਉਸ ਨਾਲੋਂ ਕਿਤੇ ਵੱਧ ਉਸ ਦੀ ਪ੍ਰਤੀਕਿਰਿਆ ਸੀ। ਸਾਡੇ ਲਈ ਇਹ ਬੇਮੇਲ ਲਗਦਾ ਹੈ ਕਿ ਹਾਮਾਨ ਨੇ ਇਕ ਪੂਰੀ ਕੌਮ ਨੂੰ ਇਸ ਕਰਕੇ ਖ਼ਤਮ ਕਰਨ ਦਾ ਤਹੱਈਆ ਕਰ ਲਿਆ ਕਿ ਇਕ ਆਦਮੀ ਨੇ ਉਹਦੀ ਤਾਕਤ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਅਖ਼ੀਰ ਵਿਚ ਇਕ ਆਦਮੀ ਵੱਲੋਂ ਬੇਇੱਜ਼ਤ ਕੀਤੇ ਜਾਣ ਤੇ ਉਸ ਦੀ ਮੂਰਖਤਾਭਰੀ ਪ੍ਰਤੀਕਿਰਿਆ ਦੇ ਕਾਰਣ ਉਹ ਨੂੰ ਆਪ ਨੂੰ ਹੀ ਸੂਲੀ ਤੇ ਟੰਗ ਦਿੱਤਾ ਗਿਆ।

*ਮਾੜੇ ਕੰਮ ਨੂੰ ਵਧਾਵਾ ਦੇਣ ਲਈ ਚਲਾਕੀ ਦੀ ਵਰਤੋਂ ਕੀਤੀ ਗਈ।* ਬਾਦਸ਼ਾਹ ਅੱਗੇ ਹਾਮਾਨ ਦੀ ਬੇਨਤੀ ਦੀ ਚਲਾਕੀ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਉਹਦਾ ਭਾਸ਼ਨ ਅਸਰਦਾਇਕ ਸੀ ਅਤੇ ਬਾਦਸ਼ਾਹ ਨੂੰ ਯਕੀਨ ਦੁਆਉਣ ਵਾਲਾ ਸੀ। ਪਰ ਇਹ ਭਾਸ਼ਣ ਝੂਠ ਨਾਲ ਭਰਿਆ ਸੀ ਅਤੇ ਇਸ ਦੀ ਵਰਤੋਂ ਬੁਰੇ ਉਦੇਸ਼ ਨੂੰ ਪੂਰਾ ਕਰਨ ਵਾਲੀ ਸੀ। ਇਹ ਘਟਨਾ ਸਾਨੂੰ ਸ਼ਤਾਨ ਦੇ ਚੇਲਿਆਂ ਤੋਂ ਸਾਵਧਾਨ ਰਹਿਣ ਲਈ ਯਾਦ ਕਰਾਉਣ ਵਾਲੀ ਹੋਣੀ ਚਾਹੀਦੀ ਹੈ। ਦੁਸ਼ਟ ਲੋਕ ਝੂਠ ਬੋਲ ਸਕਦੇ ਹਨ। ਆਪਣੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰ ਸਕਦੇ ਹਨ, ਦੂਜਿਆਂ ਦਾ ਬੁਰਾ ਕਰਨ ਲਈ ਮਨਾ ਸਕਦੇ ਹਨ। ਇਸ ਗੱਲ ਦਾ ਕਿ ਬੋਲਣ ਵਾਲਾ ਚਾਲਾਕ ਹੈ, ਮਤਲਬ ਇਹ ਨਹੀਂ ਹੈ ਕਿ ਉਹਦਾ ਕੰਮ ਸਹੀ ਹੈ ਜਾਂ ਅਸੀਂ ਉਹੀ ਕਰੀਏ ਜੋ ਉਹ ਕਹਿੰਦਾ ਹੈ। ਕੋਈ ਕਾਇਲ ਕਰ ਦੇਣ ਵਾਲਾ ਹੋ ਸਕਦਾ ਹੈ ਪਰ ਇਹਦਾ ਮਤਲਬ ਜ਼ਰੂਰੀ ਨਹੀਂ ਹੈ ਕਿ ਉਹ ਸਹੀ ਹੀ ਹੋਵੇ। ਜੇ ਕੋਈ ਪ੍ਰਚਾਰਕ ਵੀ ਐਨਾ ਕੁ ਵਧੀਆ ਪ੍ਰਚਾਰ ਕਰਦਾ ਹੈ ਕਿ ਉਹਦੀਆਂ ਗੱਲਾਂ ਤੇ ਯਕੀਨ ਹੋਣ ਲਗ ਪਵੇ, ਤਾਂ ਵੀ ਸਾਨੂੰ ਬਾਈਬਲ ਦੀ ਸਿੱਖਿਆ ਨਾਲ ਮਿਲਾ ਕੇ ਇਹ ਪਤਾ ਲਾ ਲੈਣ ਦੀ ਲੋੜ ਹੈ ਕਿ ਉਹ ਉਹੀ ਦੱਸਦਾ ਹੈ ਜੋ ਬਾਈਬਲ ਦੱਸਦੀ ਹੈ। ਸਾਨੂੰ ਝੂਠੀਆਂ ਸਿੱਖਿਆਵਾਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਬਾਈਬਲ ਦਾ ਅਧਿਐਨ ਕਰਨਾ ਜ਼ਰੂਰੀ ਹੈ (ਕਰਤੱਬ 17:11; ਵੇਖੋ ਗਲਾਤੀਆਂ 1:8, 9)।

**ਮਸੀਹੀ ਲੋਕਾਂ ਦੇ ਮੁਕਾਬਲੇ ਯਹੂਦੀ ਲੋਕ** (3:8)

3:8 ਵਿਚ ਦਿੱਤਾ ਯਹੂਦੀ ਲੋਕਾਂ ਦਾ ਵੇਰਵਾ ਅੱਜ ਦੇ ਮਸੀਹੀ ਲੋਕਾਂ ਉੱਤੇ ਲਾਗੂ ਕੀਤਾ ਜਾ ਸਕਦਾ ਹੈ।

ਪਹਿਲਾਂ ਤਾਂ, ਹਾਮਾਨ ਨੇ ਯਹੂਦੀਆਂ ਨੂੰ ''ਰਾਜ ਦੇ ਸਾਰੇ ਸੂਬਿਆਂ ਵਿਚ ਇਕ ਉਮਤ ਸਾਰੀਆਂ ਉਮਤਾਂ ਵਿਚ ਖਿੱਲਰੀ ਅਤੇ ਫੈਲੀ ਹੋਈ'' ਦੱਸਿਆ। ਉਹ ਬਾਬਲ ਦੀ ਅਸੀਰੀ ਦੇ ਕਾਰਣ ਬਾਹਰਲੇ ਦੇਸ ਤਕ ਫੈਲ ਗਏ ਸਨ (586 ਈ.ਪੂ.)। ਫ਼ਾਰਸੀ ਸਲਤਨਤ ਦੇ ਸਮੇਂ ਉਹ ''ਸੂਬੇ ਸੂਬੇ ਅਰ ਸ਼ਹਿਰ ਸ਼ਹਰਿ ਵਿਚ'' ਸਨ (8:17)।

ਇਸੇ ਤਰ੍ਹਾਂ ਨਾਲ ਮਸੀਹੀ ਲੋਕ ਪੂਰੀ ਦੁਨੀਆਂ ਵਿਚ ਖਿੱਲਰੇ ਹੋਏ ਹਨ। ਕਈ ਥਾਂਵਾਂ ਹਨ ਜਿੱਥੇ ਇੰਜੀਲ ਨਹੀਂ ਸੁਣਾਈ ਗਈ ਜਾਂ ਲੋਕਾਂ ਨੇ ਮੰਨੀ ਨਹੀਂ ਹੈ, ਪਰ ਖ਼ੁਦਾ ਦੇ ਲੋਕਾਂ ਦੀਆਂ ਮੰਡਲੀਆਂ ਦੁਨੀਆਂ ਭਰ ਵਿਚ ਲਾਈਆਂ ਗਈਆਂ ਹਨ। ਅਸਲ ਵਿਚ ਗ੍ਰੇਟ ਕਮੀਸ਼ਨ ਇਹ ਹੁਕਮ ਦਿੰਦਾ ਹੈ ਕਿ ਯਿਸੂ ਮਸੀਹ ਦਾ ਬਚਾਉਣ ਵਾਲਾ ਸੰਦੇਸ਼ ''ਸਾਰੀਆਂ ਕੌਮਾਂ'' ਨਾਲ ਸਾਂਝਾ ਕੀਤਾ ਜਾਵੇ (ਮੱਤੀ 28:19)।

ਦੂਜਾ, ਯਹੂਦੀਆਂ ਦੇ ਸਬੰਧ ਵਿਚ ਹਾਮਾਨ ਨੇ ਆਖਿਆ, ''ਉਸ ਦੀਆਂ ਰੀਤੀਆਂ ਹੋਰ ਸਾਰੀਆਂ ਉੱਮਤਾਂ ਨਾਲੋਂ ਵੱਖਰੀਆਂ ਹਨ।'' ਖ਼ੁਦਾ ਨੇ ਇਸਰਾਏਲੀਆਂ ਨੂੰ ਇਕ ਖ਼ਾਸ ਮਕਸਦ ਲਈ ਆਪਣੇ ਖ਼ਾਸ ਲੋਕ ਹੋਣ ਲਈ ਚੁਣਿਆ ਕਿ ਉਹ ਲੋਕ ਆਪਣੇ ਆਲੇ ਦੁਆਲੇ ਦੀਆਂ ਕੌਮਾਂ ਲਈ ਚਾਨਣ ਬਣ ਸਕਣ (ਕੂਚ 19:5; ਵਿਵਸਥਸਾਰ 14:2; 26:16–19; ਯਸਾਯਾਹ 42:6; 49:6)।

ਭਾਵੇਂ ਯਹੂਦੀਆਂ ਨੂੰ ਆਪਣੇ ਵਤਨ ਵਿੱਚੋਂ ਕੱਢ ਕੇ ਖਿਲਾਰਿਆ ਬਾਬਲ ਦੇ ਲੋਕਾਂ ਵੱਲੋਂ ਗਿਆ ਸੀ, ਪਰ ਉਨ੍ਹਾਂ ਨੇ ਆਪਣੀ ਨਿਰਾਲੀ ਪਛਾਣ ਗਵਾਈ ਨਹੀਂ ਸੀ। ਉਨ੍ਹਾਂ ਦੇ ਦੂਜੀਆਂ ਜਮਾਤਾਂ ਨਾਲੋਂ ਵੱਖਰੇ ਹੋਣ ਦਾ ਕਾਰਣ ਇਹ ਸੀ ਕਿ ਖ਼ੁਦਾ ਨੇ ਉਨ੍ਹਾਂ ਨੂੰ ਸੀਨੈ ਪਹਾੜ ਉੱਤੇ ਸ਼ਰ੍ਹਾ ਦਿੱਤੀ ਸੀ (ਕੂਚ 20:1–23:33)। ਇਹ ਗੱਲ ਕਿ ਯਹੂਦੀ ਲੋਕ ਸੱਬਤ ਵਾਲੇ ਦਿਨ ਅਰਾਮ ਕਰਦੇ ਸਨ ਅਤੇ ਮੂਰਤੀਆਂ ਦੀ ਪੂਜਾ ਨਹੀਂ ਕਰਦੇ ਸਨ ਉਨ੍ਹਾਂ ਬਹੁਤ ਸਾਰੀਆਂ ਗੱਲਾਂ ਵਿੱਚੋਂ ਸਨ ਜਿਹੜੀਆਂ ਉਨ੍ਹਾਂ ਨੂੰ ਦੂਜਿਆਂ ਨਾਲੋਂ ਅੱਡ ਕਰਦੀਆਂ ਸਨ।

ਇਸੇ ਤਰ੍ਹਾਂ ਨਾਲ, ਮਸੀਹੀ ਲੋਕਾਂ ਨੂੰ ਖ਼ੁਦਾ ਵੱਲੋਂ ਨਵੇਂ ਨੇਮ ਦੇ ਰਾਹੀਂ ਆਪਣੀ ਖ਼ਾਸ ਪਰਜਾ ਬਣਾਉਣ ਲਈ ਅੱਡ ਕੀਤਾ ਗਿਆ ਹੈ। ਏਸ਼ੀਆ ਮਾਈਨਰ ਵਿਚ ਖਿੱਲਰੇ ਮਸੀਹੀ ਲੋਕਾਂ ਨੂੰ ਪਤਰਸ ਨੇ ਇਹ ਸ਼ਬਦ ਲਿਖੇ ਸਨ: ''ਪਰ ਤੁਸੀਂ ਚੁਣਿਆ ਹੋਇਆ ਵੰਸ, ਜਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ ਹੋ ਭਈ ਤੁਸੀਂ ਉਹਦਿਆਂ ਗੁਣਾਂ ਦਾ ਪ੍ਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿਚ ਸੱਦ ਲਿਆ'' (1 ਪਤਰਸ 2:9)। ਉਸ ਨੇ ਇਸ ਵੇਰਵੇ ਨੂੰ ਇਹ ਆਖਦਿਆਂ ਮੰਨਿਆ ਕਿ ਉਨ੍ਹਾਂ ਦੀਆਂ ਪਵਿੱਤਰ ਜ਼ਿੰਦਗੀਆਂ ਅਤੇ ਨੇਕ ਕੰਮਾਂ ਨਾਲ ਉਸ ਕਾਫ਼ਿਰ ਸੱਭਿਅਤਾ ਉੱਤੇ ਵੱਡਾ ਅਸਰ ਹੋਣਾ ਸੀ ਜਿਸ ਵਿਚ ਉਹ ਰਹਿੰਦੇ ਸਨ (1 ਪਤਰਸ 2:11, 12)।

---

ਟਿੱਪਣੀਆਂ

[1]ਜੋਸੇਫ਼ਸ ਨੇ ਹਾਮਾਨ ਦੀ ਪਛਾਣ ਇਕ ਅਮਾਲੇਕੀ ਦੇ ਰੂਪ ਵਿਚ ਕਰਵਾਈ। (ਜੋਸੇਫ਼ਸ *ਐਂਟਿਕੁਇਟੀਜ਼* 11.6.5.)ਅਮਾਲੇਕੀ ਲੋਕ ਇਸਰਾਏਲੀਆਂ ਦੇ ਸਦੀਵੀ ਦੁਸ਼ਮਣ ਸਨ। (ਵੇਖੋ ਕੂਚ 17:8–16; ਗਿਣਤੀ 14:40–45; ਬਿਵਸਥਾ ਸਾਰ 25:17–19; ਨਿਆਂਈਆਂ 3:13; 6:3, 33; 2 ਸਮੂਏਲ 1:1–16.) [2]*ਹਾਰਪਰ'ਸ ਬਾਈਬਲ ਕਮੈਂਟਰੀ*, ਸੰਪਾ. ਜੇਮਸ ਐੱਲ. ਮੇਅਸ [ਸੈਨ ਫ਼੍ਰਾਂਸਿਸਕ: ਹਾਰਪਰ ਐਂਡ ਰੋਅ, 1988], 120–398 ਵਿਚ ਡੇਵਿਡ ਜੇ. ਏ. ਕਲਾਈਨਜ਼, ''ਅਸਤਰ।'' [3] ਕਰੇਨ ਐੱਚ. ਜੋਬਸ, *ਅਸਤਰ*, ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 1999), 120–21. [4]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 812 ਵਿਚ ਐੱਫ਼. ਬੀ. ਹੁਏ, ਜੂਨੀਅਰ, ''ਅਸਤਰ।'' [5]ਸ਼ਰ੍ਹਾ ਵਿਚ ਤਾਂ ਯਹੂਦੀਆਂ ਨੂੰ ਦੁਨਿਆਵੀ ਹਾਕਮਾਂ ਦੇ ਅੱਗੇ ਝੁਕਣ ਦੀ ਮਨਾਹੀ ਨਹੀਂ ਸੀ, ਨਾ ਹੀ ਇਸ ਵਿਚ ਖ਼ੁਦਾ ਦੇ ਲੋਕਾਂ ਲਈ ਉਨ੍ਹਾਂ ਦਾ ਹੁਕਮ ਮੰਨਣਾ ਜ਼ਰੂਰੀ ਸੀ (ਨਵੇਂ ਨੇਮ ਵਾਂਗ)। [6]LXX ਵਿਚ ਅਸਤਰ ਦੇ ਅਪ੍ਰਮਾਣਿਕ (ਅਪੋਕ੍ਰਿਫ਼ਲ) ਵਧਾਵਾਂ ਦੇ ਮੁਤਾਬਕ, ਮਾਰਦਕਈ ਨੇ ਆਖਿਆ, ''ਮੈਂ ਇਹ ਕੀਤਾ ਤਾਂ ਜੋ ਮੈਂ ਖ਼ੁਦਾ ਦੀ ਵਡਿਆਈ ਨਾਲੋਂ ਉੱਪਰ ਮਨੁੱਖ ਨੂੰ ਵਡਿਆਈ ਨਾ ਦਵਾਂ, ਅਤੇ ਮੈਂ ਤੈਥੋਂ ਛੁੱਟ ਜੋ ਮੇਰਾ ਪ੍ਰਭੂ ਹੈਂ, ਹੋਰ ਕਿਸੇ ਦੇ ਅੱਗੇ ਵੀ ਗੋਡੇ ਨਹੀਂ ਨਿਵਾਵਾਂਗਾ'' (ਵਧਾਅ 13:14)। ਰੱਬੀਆਂ ਦੀ ਇਕ ਵਿਆਖਿਆ ਇਹ ਹੈ ਕਿ ਮਾਰਦਕਈ ਬੁੱਤਪ੍ਰਸਤੀ ਕਰਨ ਤੋਂ ਬਚ ਰਿਹਾ ਸੀ। ਮਿਦ੍ਰਾਸ਼ ਵਿਚ ਕਿਹਾ ਗਿਆ ਹੈ ਕਿ ਹਾਮਾਨ ਨੇ ''ਆਪਣੇ ਸੀਨੇ ਉੱਤੇ ਆਪਣੇ ਪਹਿਰਾਵੇ ਨਾਲ ਇਕ ਕਢਾਈ ਕੀਤੀ ਸ਼ਕਲ ਜੋੜੀ ਹੋਈ ਸੀ ਹਾਮਾਨ ਅੱਗੇ ਗੋਡੇ ਨਿਵਾਉਣ ਵਾਲਾ ਹਰ ਕੋਈ ਉਸ ਸ਼ਕਲ ਦੇ ਅੱਗੇ ਗੋਡੇ ਨਿਵਾਉਂਦਾ ਸੀ'' (*ਅਸਤਰ ਰੱਬਾਹ* 7.5)। [7]ਮਾਈਕਲ ਵੀ. ਫ਼ੌਕਸ, *ਕਰੈਕਟਰ ਐਂਡ ਆਈਡਿਓਲੋਜੀ ਇਨ ਦ ਬੁਕ ਆਫ਼ ਅਸਤਰ*, ਜਿਲਦ 2ਜੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ, 2001), 179. [8]ਕਲੇਟਨ ਵਿੰਟਰਜ਼, *ਕਮੈਂਟਰੀ ਆਨ ਅਸਤਰ–ਨਹਮਯਾਹ–ਅਸਤਰ* (ਅਬਿਲੇਨ, ਟੈਕਸਸ: ਕੁਆਲਟੀ ਪਬਲੀਕੇਸ਼ੰਜ਼, 1991), 176. [9]ਡੀ. ਜੇ. ਏ. ਕਲਾਈਨਜ਼, *ਅਸਤਰ, ਨਹਮਯਾਹ, ਅਸਤਰ*, ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1984), 295.

[10]ਰਿਕਾਰਡ ਵਿਚ, ਉਸ ਨੇ ਯਹੂਦੀਆਂ ਦੀ ਪਛਾਣ ਹੁਕਮ ਨਾ ਮੰਨਣ ਵਾਲੇ ਲੋਕਾਂ ਦੇ ਵਿਚ ਨਹੀਂ ਕਰਵਾਈ।

[11]ਜੋਇਸ ਜੀ. ਬਾਲਡਵਿਨ, *ਅਸਤਰ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰ–ਵਰਸਿਟੀ ਪ੍ਰੈੱਸ, 1984), 74. [12]ਕਲਾਈਨਜ਼, ''ਅਸਤਰ,'' 391. ਸੋਨੇ ਅਤੇ ਚਾਂਦੀ ਸਣੇ, ਫ਼ਾਰਸੀ ਲੋਕ ਸਾਲਾਨਾ ਪੰਦਰਾਂ ਹਜ਼ਾਰ ਤੋੜਿਆਂ ਨਾਲੋਂ ਘੱਟ ਜਜ਼ੀਆ ਲੈਂਦੇ ਸਨ। (ਹੇਰੋਦੋਤਸ *ਹਿਸਟਰੀਜ਼* 3.95.) [13]ਬਾਲਡਵਿਨ, 74. [14]ਹੁਏ, 813. [15]LXX ਦੀ ਨਕਲ ਕਰਦੇ ਹੋਏ ਹੋਰਨਾ ਸੰਸਕਰਣਾਂ ਵਿਚ, ''ਧਨ ਰੱਖ ਲੈ'' ਅਨੁਵਾਦ ਹੋਇਆ ਹੈ (NIV; NJB; REB)। [16]ਇਸ ਵਿਆਖਿਆ ਦੇ ਖ਼ਿਲਾਫ਼ ਇਕ ਤਰਕ ਇਹ ਤੱਥ ਹੈ ਕਿ ਇਕ ਹੋਰ ਮੌਕੇ ਤੇ ਅਕਸ਼ਰਕਸ਼ਸ ਨੇ ਇਸ ਨਾਲੋਂ ਵੀ ਵੱਡੀ ਰਕਮ ਠੁਕਰਾ ਦਿੱਤੀ। (ਹੇਰੋਦੋਤਸ *ਹਿਸਟਰੀਜ਼* 7.28–29.) [17]ਕੈਰੀ ਏ. ਮੂਰ, *ਅਸਤਰ*, ਦ ਐਂਕਰ ਬਾਈਬਲ, ਜਿਲਦ 7ਬੀ (ਨਿਊ ਯਾਰਕਃ ਡਬਲਡੇਅ ਐਂਡ ਕੰ., 1971), 40.